ਬਾਬ-39

# ਉਤਰਾਖੰਡ ਅਤੇ ਪੱਛਮੀ ਯੂ.ਪੀ ਵਿੱਚ ਬਾਬਾ

**ਸੰਭਾਵਨਾ ਇਹੋ ਹੈ ਕਿ ਇਕ ਵੇਰਾਂ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਰਹਿੰਦਿਆਂ ਹੀ 1506 ਈ. ਦੇ ਹਰਦੁਆਰ ਮਹਾਂ ਕੁੰਭ ਵਿਚ ਪਹੁੰਚੇ ਸਨ। ਦੁਬਾਰਾ ਫਰਵਰੀ/ਮਾਰਚ1508 ਈ. ਵਿਚ ਜਦੋਂ ਦਿੱਲੀ ਸਨ ਤਾਂ ਓਦੋਂ ਵੀ ਗੰਗਾ ਦਾ ਸਲਾਨਾ ਵੈਸਾਖੀ ਕੁੰਭ ਗੁਰੂ ਸਾਹਿਬ ਦੇ ਨਿਸ਼ਾਨੇ ਤੇ ਸੀ। ਫਿਰ ਜਦੋਂ ਆਪਾਂ ਉਦਾਸੀ ਨਕਸ਼ਾ ਵੇਖਦੇ ਹਾਂ ਤਾਂ ਸਾਫ ਨਜਰ ਆਉਦਾ ਹੈ ਕਿ ਗੁਰੂ ਸਾਹਿਬ ਦਿੱਲੀ ਤੋਂ ਮੇਰਠ, ਹਲਦੌਰ (ਜਿਲਾ ਬਿਜਨੌਰ) ਨਜੀਬਾਬਾਦ, ਹਰਦੁਆਰ, ਸੰਤੁਸ਼ਾਹ, ਨਵਾਦਾ, ਹਰਦੁਆਰ ਤੇ ਫਿਰ ਸ੍ਰੀਨਗਰ, ਬਦਰੀਨਾਥ, ਅਲਮੋੜਾ, ਰੀਠਾ ਸਾਹਿਬ, ਨਾਨਕਮਤਾ, ਟਾਂਡਾ (ਰੁਦਰਪੁਰ), ਮੁਰਾਦਾਬਾਦ, ਗੜ੍ਹ-ਮੁਕਤੇਸ਼ਵਰ ਤੇ ਫਿਰ ਦਿੱਲੀਓ ਜਾਣ ਅਤੇ ਆਉਣ ਸਾਫ ਸਾਫ ਰੂਟ ਦਾ ਪੈਟਰਨ ਨਜਰ ਆਉਦਾ ਹੈ। ਜੋ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਦਿੱਲੀ ਦੁਬਾਰਾ ਪਹੁੰਚੇ ਸਨ। ਅੰਦਾਜ਼ਾ ਹੈ ਕਿ ਜਦੋਂ 1509ਈ. ਦੁਬਾਰਾ ਦਿੱਲੀ ਆਏ ਤਾਂ ਹਕੂਮਤ ਨੇ ਓਦੋ ਗੁਰੂ ਸਾਹਿਬ ਦੇ ਦਿੱਲੀ ਦਾਖਲੇ ਤੇ ਪਾਬੰਦੀ ਲਾਈ ਸੀ।●**

## ਮਹਾਂ ਕੁੰਭ ਤੇ ਗੰਗਾ ਇਸ਼ਨਾਨ ਲਈ ਹਰਦੁਆਰ ਨੂੰ ਤੁਰ ਪਿਆ ਬਾਬਾ ◉




ਪੂਰਬ ਦੀ ਉਦਾਸੀ ਵੇਲੇ ਵੀ ਨਾਲ ਮਰਦਾਨਾ ਸੀ। ਪਹਿਰਾਵਾ ਸੀ: ਅੱਧੇ ਕਪੜੇ ਭਗਵੇ ਤੇ ਅੱਧੇ ਚਿੱਟੇ (ਜਿਵੇ ਕਮੀਜ ਭਗਵਾ ਤੇ ਚਾਦਰ ਜਾਂ ਪਜ਼ਾਮਾ ਚਿੱਟਾ) ਇੱਕ ਪੈਰ 'ਚ ਚੰਮ ਦੀ ਜੁੱਤੀ ਦੂਸਰੇ 'ਚ ਖੜਾਂਅ, ਗੱਲ 'ਚ ਖੱਫਣ, ਸਿਰ ਦੇ ਵਾਲ ਪਿੱਛੇ ਸੁੱਟ ਕੇ ਉੱਤੇ ਉਹ ਟੋਪੀ ਪਾਈ ਜਿਹੜੀ ਮੁਸਲਮਾਨ ਕਲੰਧਰੀ ਦਰਵੇਸ਼ ਪਾਉਦੇ ਨੇ, ਮੱਥੇ ਤੇ ਤਿਲਕ ਤੇ ਗੱਲ ਵਿੱਚ ਹੱਡਾਂ ਦੀ ਮਾਲਾ। ਸੋ ਕੀ ਕਹੋਗੇ ਕਿ ਸਾਧੂ ਮੁਸਲਮਾਨ ਹੈ ਜਾਂ ਹਿੰਦੂ?

ਗੰਗਾ, ਹਰਦੁਆਰ ਜਿੱਥੇ ਲੋਕ ਮੋਇਆਂ ਦੇ ਫੁੱਲ ਤਾਰਨ ਜਾਂਦੇ ਸਨ ਓਥੇ 12 ਸਾਲੀ ਕੁੰਭ ਮੇਲਾ ਲੱਗਦਾ ਸੀ। ਹਿੰਦੂਆਂ 'ਚ ਮਾਨਤਾ ਹੈ ਕਿ ਅਜਿਹੇ ਮੌਕੇ ਜਿਹੜਾ ਗੰਗਾ ਇਸਨਾਨ ਕਰ ਲਏ ਉਹਦੇ ਜੁੱਗਾਂ ਜੁੱਗਾਂਤਰਾਂ ਦੇ ਕੀਤੇ ਪਾਪ ਲਹਿ ਜਾਂਦੇ ਨੇ। ਉਂਜ ਵੀ ਹਿੰਦੂ ਧਰਮ ਵਿੱਚ ਤੀਰਥ ਯਾਤਰਾ ਦਾ ਵੱਡਾ ਮਹਾਤਮ ਦੱਸਿਆ ਹੋਇਆ ਹੈ। ਹੋਰਨਾਂ ਇਲਾਕਿਆਂ ਵਾਂਙੂ ਪੰਜਾਬ ਦੇ ਸ਼ਰਧਾਵਾਨ ਹਿੰਦੂਆਂ ਵਿੱਚ ਮੇਲੇ ਤੇ ਪਹੁੰਚਣ ਲਈ ਵੱਡਾ ਉਤਸ਼ਾਹ ਸੀ। ਓਨੀ ਦਿਨੀ ਕਿਹੜੇ ਕੋਈ ਹੋਰ ਮਨੋਰੰਜਨ ਦੇ ਸਾਧਨ ਮੌਜੂਦ ਸਨ। (ਭਾਵ ਨਾਂ ਟੀ.ਵੀ ਨਾਂ ਰੇਡੀਓ, ਨਾਂ ਫਿਲਮਾਂ ਆਦਿ) ਨਾਲੇ ਹਰਦੁਆਰ ਬਾਕੀ ਦੇ ਕੁੰਭ ਮੇਲਿਆਂ ਦੇ ਤੀਰਥਾਂ ਜਿਵੇ ਪ੍ਰਯਾਗ, ਉਜੈਨ ਤੇ ਨਾਸਿਕ ਨਾਲੋਂ ਕਿਤੇ ਨੇੜੇ ਪੈਂਦਾ ਹੈ।

ਬਾਬੇ ਨਾਨਕ ਨੂੰ ਹੋਰ ਕੀ ਚਾਹੀਦਾ ਹੁੰਦਾ ਸੀ? ਮਤਲਬ ਬਾਬੇ ਨੂੰ ਇਕੋ ਥਾਂ ਤੇ ਲੱਖਾਂ ਜੀਆਂ ਦੀ ਭੀੜ ਚਾਹੀਦੀ ਹੁੰਦੀ ਸੀ ਤਾਂ ਕਿ ਉਹਦਾ 'ਨਾਮ' ਭਾਵ ਚੜ੍ਹਦੀ ਕਲ੍ਹਾ ਦਾ ਸਿਧਾਂਤ ਘਰ ਘਰ ਪਹੁੰਚ ਜਾਵੇ। ਫਿਰ ਨਿਰੰਕਾਰ ਸਰੂਪ ਬਾਬੇ ਨੂੰ ਗੱਲ ਕਹਿਣੀ ਤਾਂ ਧੁਰੋ ਬਖਸ਼ੀ ਗਈ ਸੀ।

ਹੇਠਲੀ ਸਾਖੀ 1506 ਈ ਦੇ ਮਹਾਂਕੁੰਭ ਦੀ ਹੈ ਜੋ 12 ਸਾਲੀ ਲਗਦਾ ਹੈ। ਭਾਵ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਤੋਂ ਸੰਗ ਨਾਲ ਜਾਂਦੇ ਹਨ। ਓਦੋਂ ਅਜੇ ਨਵਾਬ ਦੀ ਚਾਕਰੀ ਕਰਦੇ ਸਨ।

ਸੋ ਬਾਬੇ ਨੇ ਬਾਕੀਆਂ ਵਾਂਗ ਚਾਦਰ ਟੰਗ ਲਈ ਤੇ ਤੁਰ ਪਏ ਸੰਗ ਨਾਲ। ਸੰਗ ਚਲਦਾ ਜਾਵੇ ਜਿੱਥੇ ਕੋਈ ਚੀਜ਼ ਹੱਥ ਲੱਗੇ ਲੈਦੇ ਜਾਣ। ਉਨੀ ਦਿਨੀ ਲੰਗਰ ਵਗੈਰਾ ਦਾ ਸਿਧਾਂਤ ਤਾਂ ਹੁੰਦਾ ਨਹੀ ਸੀ। ਰਾਤ ਰਹਿਣ ਲਈ ਥਾਂ ਥਾਂ ਉਂਜ ਸਰਾਵਾਂ ਬਣੀਆਂ ਹੁੰਦੀਆਂ ਸਨ, ਜਿੱਥੇ ਖੂਹ ਲੱਗੇ ਹੁੰਦੇ ਸਨ। ਲੋਕ ਓਥੇ ਹੀ ਰਾਤ ਕੱਟ ਲੈਂਦੇ ਸਨ। ਸਫਰ ਵਾਸਤੇ ਖਾਣਾ ਦਾਣਾ ਆਪਣਾ ਆਪਣਾ ਹੁੰਦਾ ਸੀ। ਮੁਸਾਫਿਰ ਅਮੂਮਨ ਭੁੱਜੇ ਦਾਣੇ ਦੀ ਪੋਟਲੀ ਨਾਲ ਲੈ ਕੇ ਚਲਦੇ ਸਨ। ਅਮੀਰ ਲੋਕ ਭਾਂਡਾ ਬਣਾ ਲੈਂਦੇ ਸਨ।

ਦਿਨ ਬ ਦਿਨ ਸੰਗ ਦੀ ਗਿਣਤੀ ਵਧਦੀ ਜਾਵੇ। ਭੀੜ ਵਿੱਚ ਸ਼ੈਤਾਨ ਲੋਕ ਤਾਂ ਆਪਣਾ ਜਲਵਾ ਵਿਖਾਉਦੇ ਹੀ ਹਨ। ਤੇ ਬਾਕੀ ਜਦੋਂ ਜਵਾਨੀ ਮਸਤਾਨੀ ਨਾਲ ਹੋ ਜਾਂਵੇ ਫਿਰ ਤਾਂ ਕਹਿਣਾ ਹੀ ਕੀ। ਜਿੱਥੇ ਵੀ ਕੋਈ ਚੀਜ਼ ਖਾਣ ਵਾਲੀ ਆਵੇ ਸਾਰਾ ਵੱਗ ਟੁੱਟ ਕੇ ਪੈ ਜਾਵੇ। ਰਾਹ ਦੇ ਨੇੜੇ ਤੇੜੇ ਦੇ ਕਿਸਾਨ ਵੇਖਦੇ ਹੀ ਰਹਿ ਜਾਵਨ। ਇੱਕ ਤਾਂ ਓਨੀ ਦਿਨੀ ਅਬਾਦੀ ਵੀ ਸੰਙਣੀ ਨਹੀ ਸੀ ਹੁੰਦੀ। ਸੋ ਜਿੱਥੇ ਕਿਤੇ ਬਿਨਾਂ ਰਾਖਵਾਲੇ ਤੋਂ ਖੇਤ ਨਜਰ ਆਏ ਸਾਰੀ ਭੀੜ ਉਨ੍ਹੂੰ ਪੈ ਜਾਏ। ਉਂਜ ਵੀ ਵਿਦਵਾਨਾਂ ਦਾ ਮੰਨਣਾ ਹੈ ਕਿ ਭੀੜ ਦਾ ਦਿਮਾਗ ਨਹੀ ਹੁੰਦਾ ਜਿੱਧਰ ਪੈ ਜਾਏ ਫਿਰ ਵੇਖਾ ਵੇਖੀ ਹਰ ਕੋਈ ਉਹੋ ਕੰਮ ਕਰਨ ਲੱਗ ਜਾਂਦਾ ਹੈ। ਰਸਤੇ 'ਚ ਕੋਈ ਗਾਜਰ ਮੂਲੀ, ਛੋਲੇ, ਗੰਨਾ ਬਚੇ ਹੀ ਨਾਂ। ਹੋਰ ਤੇ ਹੋਰ ਲੋਕੀ ਵਾਹ ਲੱਗਦੀ ਹਰ ਚੀਜ਼ ਚੁੱਕ ਲੈਣ।

ਫਿਰ ਰਸਤੇ ਵਿੱਚ ਜਿੱਥੇ ਕਿਤੇ ਸੰਗ ਰਾਤੀ ਅਰਾਮ ਵਾਸਤੇ ਇਕੱਠਾ ਹੋਵੇ ਤਾਂ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕਰ ਦੇਣ ਕਿ ਮਰਦਾਨਿਆ ਕੱਸ ਜਰਾ ਰਬਾਬ ਦੀਆਂ ਤਾਰਾਂ ਤੇ ਗਾਉਣਾਂ ਸ਼ੁਰੂ ਕਰ ਦਿੱਤਾ:-

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥



“ਸੂਰਜਾ ਸ਼ਾਂਤੀ ਰੱਖੀ!” ਚੜ੍ਹਦੇ ਸੂਰਜ ਨੂੰ ਪਾਣੀ ਦਿੰਦੇ ਹੋਏ ਬ੍ਰਾਹਮਣ। ਓਦੋਂ ਬਾਬੇ ਨਾਨਕ ਨੇ ਪੁੱਠੇ ਪਾਸੇ ਭਾਵ ਪੱਛਮ ਵਲ ਪਾਣੀ ਝੱਟਣਾ ਸ਼ੁਰੂ ਕਰ ਦਿੱਤਾ।

ਸੰਗ ਵਿੱਚ ਜਿੰਨੇ ਸਿਆਣੇ ਸਿਆਣੇ ਬੈਠੇ ਸਨ ਸਾਰਿਆਂ ਨੇ ਇਹ ਗੱਲ ਸੁਣ ਕੇ ਥੱਲੇ ਉਂਦੀਆਂ ਪਾ ਲਈਆਂ। ਬਾਬਾ ਜੀ ਨੇ ਫਿਰ ਸਮਝਾਇਆ ਕਿ ਭਾਈਓ ਇਸ ਅਖੌਤੀ ਤੀਰਥ ਯਾਤਰਾ ਦਾ ਤੁਹਾਨੂੰ ਧਾਰਮਿਕ ਲਾਭ ਕੋਈ ਨਹੀ। ਸਗੋਂ ਤੁਸੀ ਤਾਂ ਹੋਰ ਵੀ ਗੁਨਾਹਗਾਰ ਬਣੀ ਜਾ ਰਹੇ। ਤੁਹਾਡੇ ਤੇ ਤਾਂ ਹੋਰ ਪਾਪ ਵੀ ਚੜ੍ਹਦੇ ਜਾ ਰਹੇ ਨੇ। ਕੀ ਫਾਇਦਾ ਇਸ ਤਰਾਂ ਤੁਰ ਤੁਰ ਕੇ ਲੱਤਾਂ ਤੁੜਾਉਣ ਦਾ। ਬਾਬੇ ਦੀਆਂ ਗੱਲਾਂ ਸੁਣ ਕੇ ਸੱਭ ਨੂੰ ਕੰਨ ਹੋ ਗਏ। ਸੰਗ ਬਾਬੇ ਦੇ ਚਰਨੀ ਆ ਲੱਗਾ। ਅੱਗੇ ਤੋਂ ਸਾਰਿਆ ਤੋਬਾ ਕੀਤੀ ਕਿ ਕਿਸੇ ਕਿਸਾਨ ਦਾ ਉਜਾੜਾ ਨਹੀ ਕਰਨਾਂ ਭਾਵੇ ਕਿੰਨੀ ਭੁੱਖ ਕਿਓ ਨਾਂ ਲੱਗੀ ਹੋਵੇ।

ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਜੇ ਤੁਹਾਨੂੰ ਰੂਹਾਨੀਅਤ ਦੀ ਤਾਂਘ ਹੈ ਤਾਂ ਫਿਰ ਤੁਸੀ ਘਰ ਬੈਠੇ ਹੀ ਤੀਰਥ ਯਾਤਰਾ ਕਰ ਸਕਦੇ। ਘਟ ਘਟ ਵਿੱਚ ਬਿਰਾਜਮਾਨ ਅਕਾਲਪੁਰਖ ਦਾ ਬਸ ਨਾਮ ਜੱਪੋ।

ਰਸਤੇ ਵਿੱਚ ਚਲਦੇ ਹੋਏ ਬਾਬਾ ਸਭ ਤੇ ਦਿਆ ਕਰੀ ਗਏ। ਸੰਗ ਵਧਦਾ ਹੀ ਗਇਆ ਜਿੰਨਾ ਚਿਰ ਹਰਦੁਆਰ ਨਹੀ ਪਹੁੰਚ ਗਏ। ਹਰਦੁਆਰ ਪਹੁੰਚ ਕੇ ਇਸ ਲਹੌਰੀ ਸੰਗ ਨੇ ਆਪਣਾ ਟਿਕਾਣਾ ਮੱਲ ਲਿਆ ਤੇ ਤੰਬੂ ਲਾ ਲਏ।

----◆-----

## ਜਦੋਂ ਬਾਬੇ ਨੇ ਹਰਦੁਆਰੋਂ ਆਪਣੇ ਖੇਤ ਸਿੰਜੇ

ਵਿਸਾਖੀ ਤੇ ਹਰਦੁਆਰ ਦਾ ਮਹਾਂਕੁੰਭ ਭਰਿਆ ਹੋਇਆ ਸੀ। ਬ੍ਰਾਹਮਣ ਲੋਕ ਆਪਣੇ ਸਬੰਧਿਤ ਜ਼ਜ਼ਮਾਨਾਂ ਦੇ ਨਾਲ ਸਵੇਰੇ ਸਵੇਰੇ ਜਦੋਂ ਗੰਗਾ ਇਸਨਾਨ ਲਈ ਪਹੁੰਚੇ ਤਾਂ ਨਦੀ ਕੰਢੇ ਤੇ ਖਲੋ ਲੱਗੇ ਸੂਰਜ ਵਲ ਪਾਣੀ ਤਰੌਂਕਣ। ਇਹ ਰਸਮ ਅੱਜ ਵੀ ਹਰ ਸ਼ਰਧਾਵਾਨ ਹਿੰਦੂ ਸਵੇਰੇ ਸਵੇਰੇ ਕਰਦਾ ਹੈ। ਇੰਨੂ ਅਰਗ ਦੀ ਰਸਮ ਕਿਹਾ ਜਾਂਦਾ ਹੈ। ਹਿੰਦੁਸਤਾਨ ਜਿਹੇ ਗਰਮ ਮੁਲਕ ਵਿੱਚ ਹਿੰਦੂ ਪ੍ਰਾਰਥਨਾ ਕਰਦਾ ਹੈ ਕਿ ਸੂਰਜਾ ਠੰਡ ਵਰਤਾਈਂ।

ਪੈੜ ਸਢਾ

⊙ਸੋਢੀ ਮਿਹਰਵਾਨ ਜਨਮ ਸਾਖੀ ਪੰਨਾ-116 ਦੇ ਅਧਾਰ ਤੇ

● ਸੋ ਹਰਦੁਆਰ ਗੁਰੂ ਸਾਹਿਬ ਦੋ ਵਾਰੀ ਗਏ। ਪਹਿਲੀ ਵਾਰ ਮਹਾਂ ਕੁੰਭ 1506 ਈ ਜਦੋਂ ਸੁਲਤਾਨਪੁਰ ਹੁੰਦੇ ਸਨ ਤੇ ਦੂਸਰੀ ਵਾਰੀ ਪੂਰਬ ਦੀ ਯਾਤਰਾ ਤੇ ਸਲਾਨਾ ਕੁੰਭ ਵਸਾਖੀ 1508 ਨੂੰ। ਦੁਬਾਰਾ ਦਿੱਲੀ ਵਾਲੇ ਪਾਸਿਓ ਗਏ ਸਨ। ਹਰਦੁਆਰ ਦੇ ਨੇੜੇ ਤੇੜੇ ਦੇ ਇਲਾਕਿਆਂ ਨੂੰ ਗਹੁਣਾ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਨੇ ਕੁੰਭ ਦੇ ਸਮੇਂ ਤਕ ਇੰਤਜਾਰ ਕੀਤਾ ਸੀ। ਐਨ ਇਹੋ ਹਾਲਾਤ ਪ੍ਰਯਾਗਰਾਜ (ਅਲਾਹਬਾਦ) ਦੇ 1509 ਈ ਵਾਲੇ ਮਹਾਂਕੁੰਭ ਮੌਕੇ ਬਣਦੇ ਹਨ।

ਬਾਬੇ ਨਾਨਕ ਨੂੰ ਮੌਕਾ ਮਿਲ ਗਿਆ। ਬਾਬੇ ਨੇ ਝੱਟ ਦਰਿਆ ਵਿੱਚ ਉੱਤਰ ਕੇ ਪਾਣੀ ਲਹਿੰਦੇ ਪਾਸੇ ਸੁਟਣਾ ਸ਼ੁਰੂ ਕਰ ਦਿੱਤਾ। ਹਿੰਦੂ ਲੋਕ ਖਿੜ ਖਿੜਾ ਕੇ ਹੱਸ ਪਏ, “ਓਏ ਇਹ ਕਿਹੜਾ ਸ਼ਦਾਈ ਆ ਗਿਆ? ਓਏ ਮੂਰਖਾ ਪਾਣੀ ਸੂਰਜ ਨੂੰ ਦਈਦਾ ਹੈ।”

ਬਾਬਾ ਕਹਿੰਦਾ “ਮੈਂ ਪਾਣੀ ਆਪਣੇ ਖੇਤਾਂ ਨੂੰ ਦੇ ਰਿਹਾ ਹਾਂ।”

ਪੰਡਤ ਬੋਲ ਉਠੇ, “ਓਏ ਕਿੱਥੇ ਨੇ ਤੇਰੇ ਖੇਤ?”

ਭੋਲਾ ਜਿਹਾ ਬਣਕੇ ਬਾਬਾ ਬੋਲਿਆ, “ਜੀ ਲਹੌਰ ਲਾਗੇ।”

ਸਾਰੇ ਬ੍ਰਾਹਮਣ ਖਿੜ ਖਿੜਾ ਕੇ ਹੱਸ ਪਏ? “ਓਏ ਭੋਲਿਆ! ਲਹੌਰ ਇਥੋ 150 ਕੋਹ ਪੈਂਡਾ ਹੈ। ਤੇਰਾ ਪਾਣੀ ਓਥੇ ਕਿਵੇਂ ਪਹੁੰਚ ਜਾਏਗਾ?”

ਬਾਬਾ ਬੋਲਿਆ, “ਪੰਡਤ ਜੀ ਸੂਰਜ ਨੇੜੇ ਹੈ ਕਿ ਲਹੌਰ?”

ਪੰਡਤਾਂ ਦੀ ਸਾਰੀ ਢਾਣੀ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਓਏ ਇਹ ਮੂਰਖ ਨਹੀ ਇਹ ਤਾਂ ਕੋਈ ਨਾਸਤਕ ਬੰਦਾ ਲੱਗਦਾ ਏ।

ਗੁਰੂ ਸਾਹਿਬ ਨੇ ਜਵਾਬ ਦਿੱਤਾ:-

ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥ ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥



ਪੰਡਤਾਂ ਨੂੰ ਨਾਲ ਲੈ ਕੇ ਸਾਹਿਬ ਫਿਰ ਓਥੇ ਬਹਿ ਗਏ ਜਿੱਥੇ ਨਾਨਕ ਵਾੜਾ ਜਾਂ ਗਿਆਨ ਗੋਦੜੀ ਗੁਰਦੁਆਰਾ ਹੁੰਦਾ ਸੀ। ਗੁਰੂ ਸਾਹਿਬ ਨੇ ਫਿਰ ਬ੍ਰਾਹਮਣਾਂ ਨੂੰ ਸਮਝਾਇਆ ਕਿ 'ਅਰਗ' ਜਿਹੇ ਕਰਮ ਕਾਂਡ ਜਾਂ ਰਸਮਾਂ ਧਰਮ ਦੇ ਨਾਂ ਤੇ ਵਿਅੱਰਥ ਹਨ। ਜੇ ਆਪਾਂ ਭਗਵਾਨ ਦੀ ਖੁਸ਼ੀ ਲੈਣੀ ਹੈ ਤਾਂ ਸਾਨੂੰ ਉਸ ਅਕਾਲ ਪੁਰਖ ਦਾ ਨਾਮ ਜਪਣਾ ਚਾਹੀਦਾ ਹੈ ਉਹਦੀ ਸਿਫਤ ਸਾਲਾਹ ਕੀਤੀ ਜਾਵੇ।

ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥ ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥

ਨਿਰੰਕਾਰ ਦੀ ਸਿਫਤ ਸਲਾਹ ਜਾਂ ਨਾਮ ਜਪਣ ਤੋਂ ਬਿਨਾਂ ਸਾਡੇ ਬਾਕੀ ਸਾਰੇ ਕਰਮ ਕਾਂਡ ਵਿਅੱਰਥ ਹਨ।

----◆-----

## ਜਦੋਂ ਬ੍ਰਾਹਮਣ ਚੋਅ ਫੜ ਕੇ ਮਰਦਾਨੇ ਮਗਰ ਭੱਜਿਆ

ਸਾਹਿਬ ਦੀ ਜੀਵਨੀ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਬਹੁਤੀ ਵਾਰ ਤਾਂ ਗੱਲ ਤੋਰਨ ਲਈ ਮਰਦਾਨੇ ਦੀ ਭੁੱਖ ਹੀ ਹਾਲਾਤ ਪੈਦਾ ਕਰਦੀ ਹੈ। ਹਰ ਥਾਂ ਖਾਣ ਪੀਣ ਦਾ ਕੋਈ ਨਾਂ ਕੋਈ ਜੁਗਾੜ ਕਰ ਹੀ ਲੈਂਦਾ ਸੀ ਮਰਦਾਨਾ। ਹਰਦੁਆਰ ਜਦੋਂ ਬੈਠੇ ਹੋਏ ਸਨ ਤਾਂ ਮਰਦਾਨਾ ਰਿੰਨਣ ਵਾਸਤੇ ਕੁਝ ਲੈ ਆਇਆ। ਸੋ ਅੱਗ ਦੀ ਜਰੂਰਤ ਪਈ। ਓਨੀ ਦਿਨੀ ਮਾਚਸ ਤਾਂ ਹੁੰਦੀ ਨਹੀ ਸੀ। ਹਰ ਪਿੰਡ ਸ਼ਹਿਰ ਵਿੱਚ ਇੱਕ ਥਾਂ ਹੁੰਦੀ ਸੀ ਜਿੱਥੇ ਅੱਗ ਹਮੇਸ਼ਾਂ ਧੁਖਦੀ ਰੱਖੀ ਜਾਂਦੀ ਸੀ। ਜਿਨੂੰ ਜਰੂਰਤ ਹੋਣੀ, ਸੁੱਕਾ ਗੋਹਾ ਲੈ ਜਾਣਾ ਤੇ ਅੱਗ ਲੈ ਆਉਣੀ।

ਤੇ ਲਓ! ਮਰਦਾਨੇ ਨੂੰ ਨੇੜੇ ਹੀ ਇੱਕ ਥਾਂ ਧੂੰ ਨਿਕਲਦਾ ਦਿਸ ਪਿਆ। ਮਰਦਾਨਾ ਗਿਆ। ਇੱਕ ਪੰਡਤ ਨੇ ਹਵਨ ਦੀ ਆਹੂਤੀ ਜਗਾਈ ਹੋਈ ਸੀ। ਮੂੰਹੋ ਸਵਾਹ ਸਵਾਹਾ ਕਰ ਰਿਹਾ ਸੀ। ਮਰਦਾਨੇ ਸਮਝਿਆ ਕਿ ਉਹ ਕਹਿ ਰਿਹਾ ਹੈ ਕਿ ਸਵਾਹ ਹਟਾ ਦਿਓ ਤੇ ਅੱਗ ਲੈ ਲਓ। ਮਰਦਾਨੇ ਨੇ ਚਲ ਰਹੇ ਹਵਨ ਤੋਂ ਆਪਣੀ ਪਾਥੀ ਸੁਲਗਾ ਲਈ। ਮਰਦਾਨੇ ਦੇ ਪਹਿਰਾਵੇ ਤੋਂ ਸਾਫ ਲੱਗ ਰਿਹਾ ਸੀ ਕਿ ਇਹ ਲਹਿੰਦੇ ਪੰਜਾਬ ਦਾ ਕੋਈ ਮੁਸਲਮਾਨ ਹੋਵੇਗਾ।

ਪੰਡਤ ਬੋਲ ਉਠਿਆ, "ਅਰੇ ਮੂਰਖ ਕੌਣ ਹੋ ਤੁਮ। ਮੇਰਾ ਹਵਨ ਭੰਗ ਕਰਨੇ ਵਾਲੇ?"

ਅੱਗੋ ਮਰਦਾਨਾ ਬੋਲਿਆ, "ਜੀ ਮੈਂ ਮਰਦਾਨਾ ਗੁਰੂ ਨਾਨਕ ਦਾ ਮੀਰਾਸੀ।"

ਪੰਡਤ ਪਿੱਟ ਉਠਿਆ। "ਅਰੇ ਯਹ ਤੋਂ ਮਲੇਸ਼ ਹੈ। ਮੇਰੇ ਫੂਟੇ ਕਰਮ।" ਪੰਡਤ ਨੇ ਸੜ੍ਹਦਾ ਬਲਦਾ ਚੋਅ ਫੜਿਆ ਤੇ ਮਰਦਾਨੇ ਮਗਰ ਦੌੜਿਆ।

ਮਰਦਾਨਾ ਦੌੜ ਕੇ ਬਾਬੇ ਨੂੰ ਕਹਿੰਦਾ "ਬਾਬਾ ਬਚਾਅ ਲੈ। ਬ੍ਰਾਮਣ ਮੇਰੇ ਮਗਰ ਪੈ ਗਏ ਈ।"

ਬ੍ਰਾਮਣ ਆਇਆ। ਗੁਰੂ ਸਾਹਿਬ ਨੇ ਉਨੂੰ ਸ਼ਾਂਤ ਹੋਣ ਵਾਸਤੇ ਕਿਹਾ। ਪੁੱਛਿਆ ਕਿ ਕੀ ਗੱਲ ਹੋ ਗਈ?




ਸਾਹਿਬ ਨੇ ਪੁੱਛਿਆ ਕਿ ਹਵਨ ਕਰਨ ਦਾ ਮਕਸਦ ਕੀ ਹੋਇਆ? ਬ੍ਰਾਮਣ ਕਹਿੰਦਾ ਜਜਮਾਨ ਦੇ ਕਿਸੇ ਸਵਾਰਥ ਸਿੱਧ ਲਈ ਕੀਤਾ ਜਾ ਰਿਹਾ ਸੀ। ਗੁਰੂ ਸਾਹਿਬ ਕਹਿੰਦੇ ਮਤਲਬ ਤੁਸੀ ਭਗਵਾਨ ਕੋਲੋਂ ਜਜਮਾਨ ਦੀ ਬਿਹਤਰੀ ਵਾਸਤੇ ਕੁਝ ਮੰਗ ਰਹੇ ਸੀ? ਬ੍ਰਾਮਣ ਕਹਿੰਦਾ ਹਾਂ।

ਤੇ ਫਿਰ ਭਗਵਾਨ ਦੇ ਹੀ ਬੰਦੇ ਨੂੰ ਤੁਸੀ ਮਾਰਨ ਤੁਲੇ ਹੋਏ ਹੋ। ਇਸ ਤਰਾਂ ਭਗਵਾਨ ਕਿਵੇ ਖੁਸ਼ ਹੋਵੇਗਾ? ਪੰਡਤ ਨੂੰ ਕੋਈ ਜਵਾਬ ਨਾਂ ਅਉੜਿਆ। ਫਿਰ ਜਿੰਨਾ ਗੁੱਸਾ ਤੁਸੀ ਦਿਖਾ ਰਹੇ ਹੋ ਕੀ ਏਨਾਂ ਧਰਮੀ ਪੁਰਖ ਨੂੰ ਕਰਨਾਂ ਚਾਹੀਦੇ? ਓਥੇ ਹਜ਼ਾਰਾਂ ਲੋਕ ਇਕੱਠੇ ਹੋ ਚੁੱਕੇ ਸਨ। ਪੰਡਤ ਨੇ ਨੀਵੀਂ ਪਾ ਲਈ। ਗੁਰੂ ਸਾਹਿਬ ਨੇ ਸ਼ਬਦ ਰਚਿਆ:

**ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥ ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥ ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥ ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧**

ਪੰਡਤ ਜੀ ਤੁਸੀ ਗਲਤ ਕਹਿੰਦੇ ਹੋ ਮੇਰਾ ਚਉਕਾ ਮੀਰਾਸੀ ਨੇ ਭਿੱਟ ਦਿੱਤਾ ਹੈ। ਤੁਹਾਡਾ ਚਉਕਾ ਤਾਂ ਤੁਸੀ ਆਪ ਹੀ ਭ੍ਰਿਸ਼ਟ ਕਰ ਲਿਆ ਹੈ। ਜਿੱਥੇ ਤੁਸੀ ਮਾੜੀ ਸੋਚ ਰੂਪੀ ਮੀਰਾਸਣ ਬੈਠਾਈ ਹੋਈ ਹੈ। ਫਿਰ ਜਾਲਮ ਸੋਚ ਰੂਪੀ ਕਸਾਇਣ ਤੇ ਨਿੰਦਾ ਰੂਪੀ ਚੂਹੜੀ ਤੇ ਨਾਲ ਤੁਸੀ ਗੁੱਸਾ ਰੂਪੀ ਚੰਡਾਲ ਬੈਠਾਇਆ ਹੋਇਆ ਹੈ। ਤੁਹਾਡਾ ਚੌਕਾਕਾਰ ਕਿਸੇ ਵੀ ਰੂਪ ਵਿੱਚ ਪਵਿਤਰ ਨਹੀ ਹੈ। ਪਹਿਲਾਂ ਇਨਾਂ ਬੁਰਾਈਆਂ ਨੂੰ ਚੌਕੇ ਤੋਂ ਬਾਹਰ ਕੱਢੋ।

ਹੋਰ ਗੁਰੂ ਸਾਹਿਬ ਨੇ ਚੌਕਾ ਕਾਰ ਜਿਹੇ ਪਾਖੰਡ ਨੂੰ ਇਥੇ ਵੀ ਉਜਾਗਰ ਕੀਤਾ। ਅਸਲੀ ਸੁੱਚ ਭਿੱਟ ਬਾਰੇ ਲੋਕਾਂ ਨੂੰ ਸੁਚੇਤ ਕੀਤਾ। ਸੱਚ ਦੀ ਅਹਿਮੀਅਤ ਦੱਸੀ।

10 ਦਿਨ ਹਰਦੁਆਰ ਰਹਿ ਕੇ ਨਿਰੰਕਾਰ ਦੇ ਨਾਮ ਦਾ ਪ੍ਰਚਾਰ ਕਰਨ ਤੇ ਲੋਕਾਂ ਨੂੰ ਪਾਖੰਡ ਤੋਂ ਰੋਕਣ ਉਪਰੰਤ ਗੁਰੂ ਸਾਹਿਬ

ਪੈੜ ਸਫਾ

-**ਉੱਤਰਾਖੰਡ ਵਿਚ ਬਾਬਾ–** ਦਿੱਲੀ, ਯੂਪੀ, ਉੱਤਰਾਖੰਡ ਵਿਚ ਬਾਬੇ ਦਾ ਰੂਟ - ਹਰਦੁਆਰ ਵਿਖੇ ਮਹਾਂ ਕੁੰਭ ਸੰਨ 1506 ਈ. ਨੂੰ ਲੱਗਾ ਸੀ। ਹਰਦੁਆਰ ਤੇ ਕੁਲਖੇਤਰ ਦੀ ਯਾਤਰਾ (ਸੂਰਜ ਗ੍ਰਿਹਣ ਮੌਕੇ) ਇਕੋ ਸਮੇਂ ਨਹੀ ਸੀ ਹੋਈ।

ਮਿਹਰਬਾਨ ਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿੱਚ ਵਿਸਾਖੀ ਮੌਕੇ ਹੀ ਗੁਰੂ ਸਾਹਿਬ ਦਾ ਹਰਦੁਆਰ ਆਉਣਾ ਲਿਖਿਆ ਹੈ। ਵਿਸਾਖੀ ਹਰ ਸਾਲ ਆਉਦੀ ਹੈ ਪਰ ਮਹਾਂਕੁੰਭ 12 ਸਾਲਾਂ ਵਿਚ ਇਕ ਵਾਰੀ। 16 ਵੀ ਸਦੀ ਦੇ ਅਰੰਭ ਵਿਚ ਮਹਾਂਕੁੰਭ 1506 ਵਿਚ ਆਉਦਾ ਹੈ। ਓਦੋਂ ਗੁਰੂ ਸਾਹਿਬ ਅਜੇ ਸੁਲਤਾਨਪੁਰ ਲੋਧੀ ਸਨ। ਕੋਈ ਸੂਰਤ ਨਹੀ ਬਣਦੀ ਕਿ ਗੁਰੂ ਸਾਹਿਬ ਇਸ ਮੌਕੇ ਨੂੰ ਖੁੰਝਾਇਆ ਹੋਵੇ।

ਫਿਰ ਜਦੋਂ ਦੁਬਾਰਾ ਫਰਵਰੀ/ਮਾਰਚ1508 ਈ. ਵਿਚ ਦਿੱਲੀ ਸਨ ਤਾਂ ਓਦੋਂ ਵੀ ਗੰਗਾ ਦਾ ਸਲਾਨਾ ਵਸਾਖੀ ਮੇਲਾ ਗੁਰੂ ਸਾਹਿਬ ਦੇ ਨਿਸ਼ਾਨੇ ਤੇ ਸੀ। ਸੋ ਜਦੋਂ ਆਪਾਂ ਉਦਾਸੀ ਨਕਸ਼ਾ ਵੇਖਦੇ ਹਾਂ ਤਾਂ ਸਾਫ ਨਜਰ ਆਉਦਾ ਹੈ ਕਿ ਗੁਰੂ ਸਾਹਿਬ ਦਿੱਲੀ ਤੋਂ ਮੇਰਠ, ਹਲਦੌਰ (ਜਿਲਾ ਬਿਜਨੌਰ) ਨਜੀਬਾਬਾਦ, ਹਰਦੁਆਰ, ਸੰਤ੍ਰਸ਼ਾਹ, ਨਵਾਦਾ, ਹਰਦੁਆਰ ਤੇ ਫਿਰ ਸ੍ਰੀਨਗਰ, ਬਦਰੀਨਾਥ, ਅਲਮੋੜਾ, ਰੀਠਾ ਸਾਹਿਬ, ਨਾਨਕਮਤਾ, ਟਾਂਡਾ (ਰੁਦਰਪੁਰ), ਮੁਰਾਦਾਬਾਦ, ਗੜ੍ਹਮੁਕਤੇਸ਼ਵਰ ਤੇ ਫਿਰ ਦਿੱਲੀ ਤੱਕ ਸਾਫ ਸਾਫ ਰੂਟ ਦਾ ਪੈਟਰਨ ਨਜਰ ਆਉਦਾ ਹੈ। ਜੋ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਦਿੱਲੀ ਦੁਬਾਰਾ ਪਹੁੰਚੇ ਸਨ। ਅੰਦਾਜ਼ਾ ਹੈ ਕਿ ਜਦੋਂ ਦੁਬਾਰਾ ਦਿੱਲੀ ਆਏ ਤਾਂ ਹਕੂਮਤ ਵਲੋਂ ਗੁਰੂ ਸਾਹਿਬ ਦੀ ਦਿੱਲੀ ਦਾਖਲੇ ਤੇ ਪਾਬੰਦੀ ਲਗਾ ਦਿਤੀ।

ਦਿੱਲੀ ਤੋਂ ਫਿਰ ਗੁਰੂ ਸਾਹਿਬ ਸਿੱਧਾ ਅਲਾਹਾਬਾਦ ਦਾ ਰੁਖ ਕਰਦੇ ਨੇ। ਇਸ ਦਾ ਸਬੂਤ ਹੈ ਬੱਲਬਗੜ੍ਹ ਲਾਗੇ ਪਿੰਡ ਦਿਆਲਪੁਰ ਵਿਖੇ ਗੁਰੂ ਸਾਹਿਬ ਦੀ ਆਮਦ ਦੀ ਯਾਦਗਾਰ।

ਇਥੋਂ ਅੱਗੇ ਲਗਦਾ ਹੈ ਸਾਹਿਬ ਸਿੱਧਾ ਕਾਨਪੁਰ ਨੂੰ ਗਏ। ਇਟਾਵਾ ਜਾਣਾ ਸਾਬਤ ਨਹੀ ਹੁੰਦਾ। ਨਕਸ਼ਾ ਵੇਖਿਆਂ ਸਾਫ ਜ਼ਾਹਿਰ ਹੁੰਦਾ ਹੈ ਕਿ




ਗੁਰੂ ਸਾਹਿਬ ਹਰਦੁਆਰ ਅਤੇ ਪ੍ਰਯਾਗਰਾਜ ਦੇ ਕੁੰਭਾਂ ਦੀ ਉਡੀਕ ਵਿਚ ਨੇੜੇ ਤੇੜੇ ਦੇ ਇਲਾਕੇ ਗਾਹੁੰਦੇ ਹਨ।

ਰਵਾਨਾ ਹੋ ਗਏ। ਪਰ ਹਰ ਪਾਸੇ ਨਾਨਕ ਨਾਨਕ ਹੋ ਗਈ।

----◈-----

## ਜਦੋਂ ਰਾਮ ਪਿਆਰੀ ਜੈ ਕੌਰ ਬਣ ਜਾਵੇ

### ਫਿਰ ਗੁਰਦੁਆਰਾ ਗਿਆਨ ਗੋਦੜੀ ਹਰਦੁਆਰ ਵਿਚ ਨਹੀ ਰਹਿ ਸਕਦਾ

ਜਿਥੇ ਗੁਰੂ ਸਾਹਿਬ ਹਰਿ ਕੀ ਪਉੜੀ, ਹਰਦੁਆਰ ਵਿਖੇ ਬਿਰਾਜੇ ਸਨ ਉਹ ਅਸਥਾਨ ਗਿਆਨ ਗੋਦੜੀ ਨਾਨਕਵਾੜਾ ਕਹਾਉਂਦਾ ਹੈ। ਸੰਨ 1984 ਵਿੱਚ ਹਿੰਦੂਆਂ ਨੇ ਉਸ ਅਸਥਾਨ ਤੇ ਜਬਰੀ ਪੁਲਿਸ ਦੀ ਮਦਦ ਨਾਲ ਕਬਜ਼ਾ ਕਰ ਲਿਆ। ਓਦੋਂ ਤੋਂ ਲੈ ਕੇ ਸਿੱਖ ਸੰਗਤਾਂ ਉਹ ਥਾਂ ਛਡਵਾਉਣ ਲਈ ਸੰਘਰਸ਼ ਕਰ ਰਹੀਆਂ ਹਨ। ਕੁਦਰਤੀ ਹੈ ਕਿ ਇਸ ਇਤਹਾਸਿਕ ਗੁਰਦੁਆਰੇ ਵਾਲੀ ਥਾਂ ਵੀ ਮਾਲ ਮਹਿਕਮੇ ਦੇ ਰਿਕਾਰਡ ਅਨੁਸਾਰ ਗੁਰਦੁਆਰੇ ਦੀ ਹੈ। ਪਰ ਦਲੀਲ ਕੌਣ ਸੁਣਦਾ ਹੈ? ਗਿਆਨ ਗੋਦੜੀ ਲਈ ਚਲ ਰਹੇ ਅੰਦੋਲਨ ਨੂੰ ਠੁੱਸ ਕਰਨ ਵਾਸਤੇ ਸਰਕਾਰ ਦੇ ਗੁਪਤ ਇਸ਼ਾਰੇ ਤੇ ਗਿਆਨੀ ਗੁਰਬਚਨ ਸਿੰਘ ਅਕਾਲ ਤਖਤ ਜਥੇਦਾਰ ਨੇ ਮਈ 2017 ਨੂੰ ਇੱਕ 20 ਮੈਂਬਰੀ ਕਮੇਟੀ ਬਣਾ ਦਿੱਤੀ। ਅਖੇ ਇਹ ਕਮੇਟੀ ਅੰਦੋਲਨ ਦੀ ਅਗਵਾਈ ਕਰੇਗੀ। ਕਮੇਟੀ ਨੇ ਕਦੀ ਹੋਂਦ ਦਿਖਾਈ ਹੀ ਨਾਂ। ਇਕ ਵੀ ਬਿਆਨ ਤਕ ਨਾਂ ਆਇਆ ਇਸ ਦਾ।




ਗਿਆਨ ਗੋਦੜੀ: ਦੀ ਦੁਰਲੱਭ ਤਸਵੀਰ

ਅਕਾਲ ਤਖਤ ਨੂੰ ਅਗਲੇ ਸਿੱਖਾਂ ਖਿਲਾਫ ਹੀ ਵਰਤ ਗਏ।

ਸੋ ਗਲ ਸਿੱਧੀ ਜਿਹੀ ਹੈ ਰਾਮ ਪਿਆਰੀ ਜੇ ਤਾਂ ਈਸਾਈ ਮਰੀਅਮ ਬੀਬੀ ਬਣਦੀ ਹੈ ਫਿਰ ਤਾਂ ਕੋਈ ਦਿੱਕਤ ਨਹੀ ਜੇ ਕਿਤੇ ਉਹ ਜੈ ਕੌਰ ਬਣ ਜਾਏ ਤਾਂ ਫਿਰ ਅਗਲਿਆਂ ਨੂੰ ਮੁਸ਼ਕਲ ਹੁੰਦੀ ਹੈ। ਇਥੇ ਤਸਵੀਰ ਵਿਚ ਬੀਬੀ ਜੈ ਕੌਰ ਹਾਰ ਪਾਈ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਬੈਠੀ ਹੈ। ਜਦੋਂ ਕਿ ਹੋਰ ਸਹਿਜਧਾਰੀ ਸਿੱਖ ਪਾਠ ਕਰ ਰਹੇ ਹਨ। ਬਸ ਇਹ ਵਰਤਾਰਾ ਅਗਲੇ ਨੂੰ ਬਰਦਾਸ਼ਤ ਨਹੀ ਹੈ।

ਫੁੱਟ ਸਰੋਤ
◉ ਸਾਈਕਲ ਯਾਤਰੀ- 155
◘ ਕਿਰਪਾਲ -36

----◈-----

ਸਾਈਕਲ ਯਾਤਰੀ ਨੇ ਜੂਨ 1931 ਅਨੁਸਾਰ

### ਪਹਿਲੀ ਪਾਤਸ਼ਾਹੀ ਦੀਆਂ ਹਰਦਵਾਰ ਵਿਖੇ ਦੋ ਯਾਦਗਾਰਾਂ ਹਨ:

**1. ਨਾਨਕ ਅਖਾੜਾ** : ਗੁਰਦੁਆਰਾ ਪਹਿਲੀ ਪਾਤਸ਼ਾਹੀ। ਕੁਸਾਂ ਵਰਤ ਘਾਟ ਦੇ ਕੋਲ ਗੰਗਾ ਕੰਢੇ ਤੇ ਹੈ। ਬਸ ਅੱਡਾ ਲਾਗੇ




ਨਾਨਕ ਅਖਾੜਾ ਜਾਂ ਨਾਨਕਵਾੜਾ ਅੱਜ ਕਲ੍ਹ ਪ੍ਰਾਚੀਨ ਲੰਗਰ ਬਣ ਗਇਆ ਹੈ।

ਹੀ ਹੈ ਜਿਥੋਂ ਛੋਟੀ ਜਿਹੀ ਗਲੀ ਥਾਂਣੀ ਜਾਣਾ ਪੈਂਦਾ ਹੈ। ਹਰਦਵਾਰ ਜਦੋਂ ਆਏ, ਗੁਰੂ ਸਾਹਿਬ ਨੇ ਸ਼ੁਰੂ ਵਿੱਚ ਇਥੇ ਹੀ ਆਸਣ ਕੀਤਾ ਸੀ, ਬਾਦ ਵਿੱਚ ਹੋਰਨਾਂ ਥਾਵਾਂ ਤੇ ਗਏ। ਅਸਥਾਨ ਉਦਾਸੀਆਂ ਦੇ ਕਬਜੇ ਵਿੱਚ ਹੈ। ਇਥੇ ਗੁਰੂ ਸਾਹਿਬ ਦੀ ਤਸਵੀਰ ਸੰਗ ਮਰਮਰ ਤੇ ਬਣੀ ਹੈ ਜਿਸ ਦੀ ਪੂਜਾ ਹੁੰਦੀ ਹੈ।(ਸਥਾਨ ਦਾ ਦੂਸਰਾ ਨਾਂ, ਨਾਨਕ ਬਾੜਾ ਵੀ ਲਿਖਿਆ ਹੈ) ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਇਸ ਅਸਥਾਨ ਦੀ ਭਾਲ ਕਰਕੇ ਭਾਈ ਭਗਤ ਭਗਵਾਨ ਨੂੰ ਇਥੋਂ ਦਾ ਮਸੰਦ ਥਾਪਿਆ ਸੀ। ਮੌਜੂਦਾ ਮਹੰਤ ਏਸੇ ਦਾ ਹੀ ਗੱਦੀ ਨਸ਼ੀਨ ਹੈ।◘ ਅੱਜ ਇਹ ਉਦਾਸੀ ਮਹੰਤ ਹਿੰਦੂ ਧਰਮ ਦੀ ਚੜ੍ਹਤ ਕਰਕੇ ਉਧਰ ਪਾਸਾ ਵੱਟ ਗਏ ਹਨ। ਹੁਣ ਇਹ ਅਸਥਾਨ ਕੁੰਭ ਵੇਲੇ ਮਾਤਰ ਲੰਗਰ ਲਾਉਣ ਲਈ ਹੈ। ਹੌਲੀ ਹੌਲੀ ਗੁਰੂ ਨਾਨਕ ਦਾ ਨਾਂ ਅਸਥਾਨ ਤੋਂ ਮਿੱਟਦਾ ਜਾ ਰਿਹਾ ਹੈ।

**2. ਗਿਆਨ ਗੋਦੜੀ:** ਸਾਈਕਲ ਯਾਤਰੀ ਲਿਖਦਾ ਹੈ

“ਗੰਗਾ ਕੰਢੇ ਹਰਿ ਕੀ ਪੌੜੀ ਦੇ ਨਜਦੀਕ ਹੀ ਹੈ। ਗੁਰਦੁਆਰੇ ਵਿੱਚ ਰਹਾਇਸ਼ ਦਾ ਪ੍ਰਬੰਧ ਨਹੀ ਹੈ ਕਿਉਕਿ ਜਗਾ ਬਹੁਤ ਤੰਗ ਹੈ। ਪਹਿਲਾਂ ਇਸ ਗੁਰਦੁਆਰੇ ਦੀ ਕਾਫੀ ਖੁੱਲੀ ਥਾਂ ਹੁੰਦੀ ਸੀ। ਇੱਕ ਵੇਲਾ ਆਇਆ ਓਦੋਂ ਇਥੇ ਕੋਈ ਵਾਲੀ ਵਾਰਸ ਨਹੀ ਸੀ ਇਸ ਕਰਕੇ ਗੁਰਦੁਆਰੇ ਦੀ ਥਾਂ ਲੋਕਾਂ ਨੇ ਦੱਬ ਲਈ ਸੀ। ਖੁੱਦ ਗੁਰਦੁਆਰਾ ਵੀ ਉਹ ਅੱਜ ਸ਼ਹਿਰ ਦੀ ਰਾਣੀ ਦੇ ਕਬਜੇ ਵਿੱਚ ਹੈ।

ਹਾਲਾਤ ਇਹ ਹੈ ਕਿ ਇਥੋਂ ਦੇ ਮਹੰਤ ਖ਼ੁੱਦ ਰਾਣੀ ਨੂੰ ਗੁਰਦੁਆਰਾ ਸਾਹਿਬ ਦਾ ਕਰਾਇਆ ਦਿੰਦੇ ਹਨ: 2000 ਰੁਪਏ ਸਲਾਨਾ। ਸੋ ਐਸ ਵਕਤ ਇਹ ਗੁਰਦੁਆਰਾ ਕਿਰਾਏ ਤੇ ਹੈ। ਉਦਾਸੀ ਤੇ ਨਿਰਮਲੇ ਸਾਧਾਂ ਨੇ ਬੋਲੀ ਲਾ ਲਾ ਕਰਾਇਆ ਆਪੇ ਹੀ ਵਧਾ ਲਿਆ ਹੈ। ਇਥੇ ਕਬਜਾ ਨਿਰਮਲੇ ਸੰਤਾਂ ਦਾ ਹੈ।"⊙

----◈-----

## ਬਾਬੇ ਨੇ ਸ੍ਰੀ ਨਗਰ ਪੌੜੀ ਗੜਵਾਲ ਦੇ ਰਾਜੇ ਅਜੇਪਾਲ ਨੂੰ ਨਿਰੰਕਾਰ ਬਾਰੇ ਗਿਆਨ ਦਿੱਤਾ। •

ਹਰਦੁਆਰ ਦੀ ਯਾਤਰਾ ਤੋਂ ਬਾਦ ਗੁਰੂ ਸਾਹਿਬ ਕੁਝ ਚਿਰ ਉਤਰਾਖੰਡ ਦੇ ਹੋਰ ਅਸਥਾਨਾਂ ਤੇ ਲੋਕਾਂ ਦਾ ਉਧਾਰ ਕਰਦੇ ਹੋਏ ਕੋਟਦਵਾਰੇ ਥਾਂਣੀ ਉੱਚੇ ਪਹਾੜੀ ਇਲਾਕੇ ਬਦਰੀ ਨਾਥ, ਕੇਦਾਰ ਨਾਥ, ਜੋਸ਼ੀ ਮੱਠ ਜਿਹੇ ਹਿੰਦੂ ਅਸਥਾਨਾਂ ਤੇ ਗਏ।

ਇਨਾਂ ਅਸਥਾਨਾਂ ਤੇ ਸਾਹਿਬ ਨੇ ਜੋ ਕੌਤਕ ਕੀਤੇ ਉਹ ਇਤਹਾਸ ਵਿੱਚ ਸਾਂਭੇ ਨਹੀ ਜਾ ਸਕੇ। ਪਰ ਰਸਤੇ ਵਿੱਚ ਇੱਕ ਅਸਥਾਨ ਸ੍ਰੀਨਗਰ (ਪੌੜੀ ਗੜਵਾਲ) ਹੈ ਇਥੋ ਦੇ ਰਾਜਾ ਅਜੈਪਾਲ ਕੋਲ ਵੀ ਕਿਸੇ ਪੰਡਤ ਨੇ ਸ਼ਕਾਇਤ ਕਰ ਦਿੱਤੀ ਕਿ ਵੇਖੋ ਆਹ ਨਾਨਕ ਨਾਂ ਦਾ ਨਵਾਂ ਸਾਧ ਉਠਿਆ ਹੈ ਉਹ ਹਿੰਦੂਮਤ ਦੇ ਪ੍ਰਚਲਤ ਸਿਧਾਤਾਂ ਦਾ ਖੰਡਨ ਕਰ ਰਿਹਾ ਹੈ।ਓਥੇ ਫਿਰ ਗੁਰੂ ਸਾਹਿਬ ਰਾਜਾ ਅਜੈਪਾਲ ਨੂੰ ਮਿਲਦੇ ਹਨ।ਪ੍ਰਚਲਤ ਕਰਮ ਕਾਡਾਂ ਦਾ ਖੰਡਨ ਤੇ ਨਿਰੰਕਾਰ ਦਾ ਸਿਧਾਂਤ ਸਮਝਾਉਂਦੇ ਹਨ।

ਇਥੇ ਸ੍ਰੀਨਗਰ (ਗੜ੍ਹਵਾਲ) ਵਿਖੇ ਵੀ ਗੁਰੂ ਸਾਹਿਬ ਦੇ ਆਉਣ ਦੀ ਯਾਦ ਵਿਚ ਚਰਨ ਪਾਦੁਕਾ ਹੁੰਦੀ ਸੀ ਪਰ ਹੁਣ ਅਲੋਪ ਹੈ। •

----◈-----

## ਮੇਰਠ ਵਿਖੇ ਅੜੀਅਲ ਜੋਗੀ ਨੂੰ ਰਾਹੇ ਪਾਇਆ ⊙

ਗੁਰੂ ਸਾਹਿਬ ਦਿੱਲੀ ਤੋਂ ਚਲਕੇ ਇਥੇ ਆਏ ਸਨ। ਇਥੇ ਇੱਕ ਅੜੀਅਲ ਜੋਗੀ ਕਹਿ ਰਿਹਾ ਸੀ ਮੈਂ ਮੇਰਠ ਸ਼ਹਿਰ ਨੂੰ ਤਬਾਹ ਕਰ ਦਿਆਂਗਾ ਕਿਉਕਿ ਇੱਕ ਮਾਈ ਨੇ ਭਿਖਿਆ ਮੰਗਣ ਮੌਕੇ ਉਹਦੀ ਬੇਇਜਤੀ ਕਰ ਦਿੱਤੀ ਸੀ। ਗੁਰੂ ਸਾਹਿਬ ਨੇ ਉਸ ਜੋਗੀ ਨੂੰ ਸਮਝਾਇਆ ਕਿ ਸੰਨਿਆਸੀ ਹੋ ਕੇ ਵੀ ਹਉਮੈ ਚੁੱਕੀ ਫਿਰਦਾ ਇਹ ਤੇਰੀ ਕਿਥੋਂ ਦੀ ਅਕਲ। ਇਹ ਖੱਫਣੀ ਕਾਹਨੂੰ ਓੜੀ ਹੋਈ ਈ।



ਉਦਾਸੀਨ ਗੁਰਦੁਆਰਾ, ਸੂਰਜ ਕੁੰਡ, ਮੇਰਠ



ਗੁਰਦੁਆਰਾ ਗੁਰੂ ਨਾਨਕ ਸ਼ਾਹੀ ਨਜੀਬਾਬਾਦ

ਨਾਲੇ ਮੰਗੇ ਤੇ ਨਾਲੇ ਟੌਹਰ ਦਿਖਾਏ। ਗੁਰੂ ਸਾਹਿਬ ਦਾ ਉਪਦੇਸ਼ ਸੁਣਕੇ ਜੋਗੀ ਦੇ ਕਵਾੜ ਖੁੱਲ ਗਏ।

ਮੇਰਠ ਵਿਚ ਇਕ ਪੁਰਾਣਾ ਉਦਾਸੀ ਆਸ਼ਰਮ ਮੌਜੂਦ ਹੈ। ਇੰਟ੍ਰਨੈਟ ਤੇ ਮੌਜੂਦ ਫੋਟੋ ਤੋਂ ਇਸ ਦੀ ਪੁਰਾਤਨਤਾ ਸਾਫ ਸਾਫ ਝਲਕਦੀ ਹੈ। ਛੋਟੀ ਨਾਨਕਸ਼ਾਹੀ ਇੱਟ ਦੀ ਇਮਾਰਤ ਹੈ। ਲਗਦਾ ਹੈ ਇਹੋ ਮੂਲ ਰੂਪ ਵਿਚ ਉਸ ਜੋਗੀ ਦਾ ਟਿਕਾਣਾ ਹੋਵੇਗਾ ਜੋ ਬਾਦ ਵਿਚ ਉਦਾਸੀ ਆਸ਼ਰਮ ਬਣਿਆ। ਇਸ ਅਸਥਾਨ ਤੇ ਹੋਰ ਵੀ ਦਿਲਚਸਪ ਜਾਣਕਾਰੀ ਮਿਲਦੀ ਹੈ ਕਿ ਇਸ ਗੁਰਦੁਆਰੇ ਵਿਚ 1936-37 ਵਿਚ ਸਿੱਖਾਂ ਨੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ। ਆਸ਼ਰਮ ਦੀ ਮਹੰਤ ਅਸਰ ਰਸੂਖ ਵਾਲਾ ਬੰਦਾ ਸੀ ਜਿਸ ਨੇ ਜਿਲੇ ਦੇ ਕਲੈਕਟਰ ਕੋਲੋ ਹੁਕਮ ਕਰਵਾ ਲਏ ਕਿ ਕੋਈ ਵੀ ਬੰਦਾ ਇਸ ਗੁਰਦੁਆਰੇ ਦੇ ਪ੍ਰਬੰਧ ਵਿਚ ਦਖਲ ਅੰਦਾਜ਼ੀ ਨਾਂ ਕਰੇ। ਕਲੈਕਟਰ ਨੇ ਇਹ ਹੁਕਮ ਜਿਲੇ ਦੀ ਪੁਲਿਸ ਤਕ ਵੀ ਪਹੁੰਚਾਏ। ਮਹੰਤ ਸੰਤ ਦਾਸ ਨੇ ਉਹਨਾਂ ਹੁਕਮਾਂ ਦੀ ਨਕਲ ਪੱਥਰ ਤੇ ਖੁਦਵਾ ਕੇ ਗੁਰਦੁਆਰਾ ਸਾਹਿਬ ਦੇ ਬਾਹਰ ਲਵਾ ਦਿੱਤੀ ਹੋਈ ਹੈ ਜੋ ਅੱਜ ਵੀ ਮੌਜੂਦ ਹੈ।

ਨਜੀਬਾਬਾਦ ਸ਼ਹਿਰ ਵਿੱਚ ਵੀ⊙ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਹੈ। ਪਰ ਯਾਦ ਰਹੇ ਇਹ ਸ਼ਹਿਰ 1740 ਈ. ਵਿੱਚ ਹੋਂਦ ਵਿੱਚ ਆਇਆ। ਪਰ ਨਾਲ ਹੀ ਸਾਨੂੰ ਧਿਆਨ ਹੋਣਾ ਚਾਹੀਦਾ ਹੈ ਕਿ ਇਹ ਰੋਹਿਲੇ ਪਠਾਣਾਂ ਦਾ ਸ਼ਹਿਰ ਹੈ। ਇਥੋਂ ਦੀ ਸੰਗਤ ਨਾਲ ਗਲ ਬਾਤ ਕਰਨ ਤੇ ਪਤਾ ਲੱਗਾ ਕਿ ਪਠਾਣਾ ਦੇ ਇਥੇ ਆਉਣ ਤੋਂ ਪਹਿਲਾਂ ਵੀ ਅਬਾਦੀ ਮੌਜੂਦ ਸੀ ਜਿਸ ਕੋਲ ਗੁਰੂ ਸਾਹਿਬ ਠਹਿਰੇ ਸਨ। ਪਠਾਣ ਨਜੀਬੁਦੌਲਾ ਬਾਦ ਵਿਚ ਇਥੇ ਸ਼ਹਿਰ ਵਸਾਇਆ।

----◈-----

## ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ

ਇਹ ਘਟਨਾ ਜਿਥੇ ਵਾਪਰੀ ਉਸ ਸਥਾਨ ਦਾ ਨਾਂ ਗੇਂਦੀਖਾਤਾ ਹੈ। ਇਹ ਹਰਦੁਆਰ ਤੋਂ 21 ਕਿ. ਮੀ ਦੱਖਣ ਅਤੇ ਨਜੀਬਾਬਾਦ ਤੋਂ 25 ਕਿ. ਮੀ. ਉਤਰ ਵਿਚ ਭਾਵ ਹਰਦੁਆਰ ਨਜੀਬਾਬਾਦ ਸੜਕ

ਪੈੜ ਸਰੋਤ

• ਸਾਈਕਲ ਯਾਤਰੀ- 150. ਨੇ ਲਿਖਿਆ ਹੈ ਕਿ ਸੰਨ 1895 ਈ ਤੋਂ ਪਹਿਲਾਂ ਇਥੇ ਵੀ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਸੀ। ਇਸ ਅਸਥਾਨ ਦੇ ਨਾਂ ਤੇ ਬਾਹਰ ਜਮੀਨ ਵੀ ਹੈ। "ਬਾਦ ਵਿੱਚ ਗੰਗਾ ਨਦੀ ਦਾ ਵਹਾਅ ਬਦਲਣ ਕਰਕੇ ਸਾਰਾ ਸ੍ਰੀ ਨਗਰ ਸ਼ਹਿਰ ਸਮੇਤ ਗੁਰਦੁਆਰੇ ਦੇ ਵਹਿ ਗਿਆ। ਮੌਜੂਦਾ ਸ਼ਹਿਰ ਪਹਿਲੀ ਵਾਲੀ ਥਾਂ ਤੋਂ ਹਟ ਕੇ ਵਸਿਆਂ ਹੋਇਆ ਹੈ। ਮਹੰਤ ਜਮੀਨ ਤਾਂ ਖਾ ਵਰਤ ਰਿਹਾ ਹੈ ਪਰ ਗੁਰਦੁਆਰਾ ਸਾਹਿਬ ਦੁਬਾਰਾ ਤਮੀਰ ਕਰਨ ਵਾਸਤੇ ਉਨੂੰ ਕੋਈ ਸੌਕ ਨਹੀ ਹੈ।" (10 ਮਈ 1931 ਨੂੰ ਲਿਖਿਆ।)

⊙ ਸਾਈਕਲ ਯਾਤਰੀ- 153 ਨੇ ਵੀ ਗੁਰੂ ਜੀ ਦਾ ਮੇਰਠ ਅਤੇ ਨਜੀਬਾਬਾਦ ਆਉਣਾ ਵੀ ਲਿਖਿਆ ਹੈ।



ਗੁਰਦੁਆਰਾ ਬਾਉਲੀ ਸਾਹਿਬ, ਗੇਂਦੀਖਾਤਾ

ਤੇ ਹੈ। ਅੱਜ ਓਥੇ ਗੁਰਦੁਆਰਾ ਬਾਉਲੀ ਸਾਹਿਬ ਅਤੇ ਨੇੜੇ ਇਕ ਜੋਗੀ ਸਿੱਧ ਮੰਦਰ ਵੀ ਹੈ।

ਗੁਰੂ ਸਾਹਿਬ ਜਦੋਂ ਇਸ ਦੇਸ ਦਾ ਗੇੜਾ ਲਾ ਰਹੇ ਸਨ ਤਾਂ ਮਰਦਾਨੇ ਨੇ ਗੁਰੂ ਜੀ ਨੂੰ ਕਿਹਾ ਸਾਹਿਬ ਗਰਮੀ ਬੜੀ ਹੈ ਬਿਹਤ੍ਰ ਹੈ ਦੋ ਚਾਰ ਦਿਨ ਇਥੇ ਹੀ ਕਿੱਤੇ ਇਕ ਥਾਂ ਹੀ ਬਹਿ ਕੇ ਗੁਜਾਰੀਏ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਠੀਕ ਹੈ।

ਇਥੇ ਲਾਗੇ ਹੀ ਜੋਗੀਆਂ ਦਾ ਕੋਈ ਪ੍ਰਸਿੱਧ ਡੇਰਾ ਸੀ। ਗੁਰੂ ਸਾਹਿਬ ਉਸ ਤੋਂ ਹਟਵੇ ਇਕ ਪੰਜਾਬੀ ਖੱਤਰੀ ਦੇ ਬਾਗ ਵਿਚ ਹੀ ਬਹਿ ਗਏ। ਹੌਲੀ ਹੌਲੀ ਲੋਕਾਈ ਨੂੰ ਪਤਾ ਲੱਗ ਗਇਆ ਕਿ ਗੁਰੂ ਨਾਨਕ ਇਥੇ ਬਿਰਾਜੇ ਹੋਏ ਹਨ। ਰੋਜ ਸ਼ਾਮ ਨੂੰ ਫਿਰ ਗੁਰੂ ਸਾਹਿਬ ਦੇ ਡੇਰੇ ਬਾਗ ਵਿਚ ਸਤਿਸੰਗ ਲਗਦਾ। ਦੂਰੋਂ ਨੇੜਿਓ ਪ੍ਰੇਮੀ ਆ ਜੁੜਦੇ। ਗੁਰੂ ਸਾਹਿਬ ਦੀ ਧੁੰਮ ਚੁਫੇਰੇ ਪੈ ਚੁੱਕੀ ਸੀ।

ਇਕ ਖੱਤਰੀ ਜਿਸ ਦੀ ਹੱਟੀ ਨੇੜੇ ਦੇ ਕਿਸੇ ਪਿੰਡ ਵਿਚ ਸੀ ਉਸ ਨੇ ਵੀ ਸੰਗਤ ਦੇ ਬਹਿਣ ਉਠਣ ਦਾ ਸਾਰਾ ਇੰਤਜਾਮ ਕਰਨਾਂ। ਕਿਉਕਿ ਗੁਰੂ ਸਾਹਿਬ ਦੇ ਉਪਦੇਸ਼ ਨਾਲ ਬੰਦਾ ਚੜ੍ਹਦੀ ਕਲ੍ਹਾ ਵਿਚ ਚਲਾ ਜਾਂਦਾ ਸੀ। ਉਸ ਖੱਤਰੀ ਨੇ ਅਜਿਹਾ ਅਨੰਦ ਮਹਿਸੂਸ ਕੀਤਾ ਕਿ ਉਹ ਕੋਈ ਤਿਰਕਾਲਾ ਖੁੰਝਦਾ ਹੀ ਨਹੀ ਸੀ। ਨੇਮ ਨਾਲ ਆ ਕੇ ਪਹਿਲਾਂ ਸਫਾਂ ਵਿਛਾਉਣੀਆਂ ਜਾਂ ਫਿਰ ਪੱਖੇ ਦੀ ਸੇਵਾ ਕਰਨੀ ਨਾਲੇ ਗੁਰੂ ਸਾਹਿਬ ਦੇ ਵਖਿਆਨ ਅਤੇ ਕੀਰਤਨ ਦਾ ਅਨੰਦ ਲੈਣਾ।

ਖੱਤਰੀ ਦੇ ਗਵਾਂਢ ਵਿਚ ਇਕ ਹੋਰ ਹੱਟੀ ਵੀ ਸੀ। ਗਵਾਂਢੀ ਦੁਰਾਚਾਰੀ ਸੀ ਤੇ ਅਕਸਰ ਉਹ ਵੇਸਵਾ ਦੇ ਕੋਠੇ ਤੇ ਜਾਂਦਾ ਹੁੰਦਾ ਸੀ। ਵੇਸਵਾ ਦਾ ਕੋਠਾ ਵੀ ਤਕਰੀਬਨ ਉਸ ਪਾਸੇ ਹੀ ਸੀ ਜਿੱਧਰ ਗੁਰੂ ਸਾਹਿਬ ਨੇ ਡੇਰਾ ਲਾਇਆ ਹੋਇਆ ਸੀ। ਗਵਾਂਢੀ ਨੂੰ ਖੱਤਰੀ ਤੇ ਸ਼ੱਕ ਹੋ ਗਿਆ ਕਿ ਖੱਤਰੀ ਵੀ ਕਿਸੇ ਚੋਰੀ ਯਾਰੀ ਦੇ ਚੱਕਰ ਵਿਚ ਸ਼ਾਮੀ ਨਿਕਲ ਜਾਂਦਾ ਹੈ। ਆਖਿਰ ਗਵਾਂਢੀ ਕੋਲੋ ਰਿਹਾ ਨਾਂ ਗਇਆ ਤਾਂ ਉਸ ਨੇ ਖੱਤਰੀ ਨੂੰ ਪੁੱਛ ਹੀ ਲਿਆ "ਭਾਈ ਤੂੰ ਰੋਜ ਸ਼ਾਮੀ ਕਿੱਥੇ ਜਾਨਾਂ ਏ?"

ਖੱਤਰੀ ਨੇ ਜਵਾਬ ਦਿੱਤਾ ਕਿ ਪੰਜਾਬ ਤੋਂ ਇਕ ਬਹੁਤ ਮਹਾਨ ਹਸਤੀ ਆਈ ਹੋਈ ਹੈ ਮੈਂ ਰੋਜ ਉਹਨਾਂ ਦੇ ਬਚਨ ਸੁਣਨ ਜਾਨਾਂ ਵਾਂ। ਖੱਤਰੀ ਗਵਾਂਢੀ ਨੂੰ ਕਹਿੰਦਾ ਕਿ ਤੂੰ ਵੀ ਕੋਠੇ ਦਾ ਚੱਕਰ ਛੱਡ, ਸੱਤ ਸੰਗਤ ਵਿਚ ਚਲਿਆ ਕਰ। ਗਵਾਂਢੀ ਨੇ ਕਿਹਾ ਆਪਾਂ ਤਾਂ ਮੌਜ ਲੈਨੇ ਆ ਰੋਜ। ਏਨਾ ਸਾਧਾਂ ਸੰਤਾਂ ਕੋਲੋਂ ਕੀ ਮਿਲਣਾ। ਕਲ੍ਹ ਕਿਹਨੇ ਵੇਖਿਆ? ਦੋਵੇ ਇਕੱਠੇ ਗੇਂਦੀਖਾਤਾ ਵਲ ਨੂੰ ਰਵਾਨਾ ਹੋ ਗਏ।

ਖੱਤਰੀ ਕਹਿਣ ਲੱਗਾ ਕਿ ਗਵਾਂਢੀਆ ਜਿਹੜੇ ਰਸਤੇ ਤੂੰ ਪਇਆ ਹੋਇਆ ਏ, ਇਹਦਾ ਨਤੀਜਾ ਤੈਨੂੰ ਬਾਦ ਵਿਚ ਪਤਾ ਲਗਣੈ। ਚਸਕਾ ਮਿੰਟ ਦਾ, ਪਰ ਦੂਸਰੇ ਪਾਸੇ ਨਾਮ ਦੀ ਖੁਮਾਰੀ ਦਾ ਅਸਰ ਜਾਂਦਾ ਹੀ ਨਹੀ। ਦੋਵਾਂ ਦੀ ਬਹਿਸ ਹੋ ਗਈ। ਅਖੀਰ ਤਹਿ ਹੋਇਆ ਕਿ ਆਪਾਂ ਵਾਪਸੀ ਤੇ ਵੀ ਸ਼ਹਿਰੋ ਇਕੱਠੇ ਚਲਾਗੇ ਤੇ ਦੱਸਾਂਗੇ ਕਿ ਇਕ ਦੂਸਰੇ ਨੂੰ ਕੀ ਹਾਸਲ ਹੋਇਆ। ਤਹਿ ਕਰ ਲਇਆ ਕਿ ਫਲਾਣੇ ਰੁੱਖ ਥੱਲੇ ਇਕ ਦੂਜੇ ਨੂੰ ਉਡੀਕਾਂਗੇ।

ਗਵਾਂਢੀ ਵੇਸਵਾ ਦੇ ਕੋਠੇ ਤੇ ਗਇਆ। ਵੇਸਵਾ ਉਸ ਦਿਨ ਬੀਮਾਰ ਸੀ। ਉਹ ਮਿਲੀ ਹੀ ਨਹੀ। ਗਵਾਂਢੀ ਨਿਰਾਸ਼ ਹੋਇਆ ਇਧਰ ਉਧਰ ਘੁੰਮ ਫਿਰ ਕੇ ਜਿਹੜਾ ਵਕਤ ਤਹਿ ਕੀਤਾ ਸੀ ਉਸ ਮੁਤਾਬਿਕ ਆ ਰੁੱਖ ਥੱਲੇ ਉਡੀਕ ਕਰਨ ਲੱਗਾ। ਵਿਹਲਾ ਬੈਠਾ ਐਵੇਂ ਜਮੀਨ ਖੁਰਚ ਰਿਹਾ ਸੀ ਕਿ ਮਿੱਟੀ 'ਚੋਂ ਉਹਨੂੰ ਇਕ ਮੋਹਰ ਮਿਲ ਗਈ। ਉਹਨੂੰ ਚਾਅ ਚੜ੍ਹ ਗਇਆ। ਉਸ ਨੇ ਉਹ ਥਾਂ ਹੋਰ ਖੁਰਚਣੀ ਸ਼ੁਰੂ ਕੀਤੀ ਤਾਂ ਥੱਲਿਓ ਇਕ ਕੁੱਜਾ ਨਿਕਲ ਆਇਆ। ਵੇਖਿਆ ਤਾਂ ਕੁੱਜਾ ਕੋਲਿਆਂ ਨਾਲ ਭਰਿਆ ਪਿਆ ਸੀ। ਗਵਾਂਢੀ ਸੋਚਦਾ ਕਿ ਕਿਤੇ ਇਹ ਵੀ ਮੋਹਰਾ ਦਾ ਹੁੰਦਾ ਤਾਂ ਮੇਰਾ ਜੀਵਨ ਬਦਲ ਜਾਂਦਾ।

ਖੈਰ ਕੁਝ ਦੇਰ ਬਾਦ ਲੰਙਾਉਦਾ ਹੋਇਆ ਖੱਤਰੀ ਵੀ ਆ ਪਹੁੰਚਿਆ। ਇਕ ਜੁੱਤੀ ਪੈਰੀ ਪਾਈ ਹੋਈ ਤੇ ਦੂਸਰੀ ਹੱਥ ਵਿਚ ਫੜੀ ਹੋਈ ਸੀ।

ਗਵਾਂਢੀ ਪੁੱਛਦਾ ਭਾਈ ਦੱਸ ਅੱਜ ਕੀ ਹਾਸਲ ਹੋਇਆ। ਖੱਤਰੀ ਨੇ ਦੱਸਿਆ ਕਿ ਗੁਰੂ ਸਾਹਿਬ ਨੇ ਅੱਜ ਫਲਾਣੀ ਗਲ ਕਹੀ। ਗਵਾਂਢੀ ਕਹਿੰਦਾ ਇਹ ਦੱਸ ਤੈਨੂੰ ਪ੍ਰਾਪਤ ਕੀ ਹੋਇਆ? ਤੂੰ ਲੰਙਾ ਕਿਓ ਰਿਹਾ ਹੈ।

ਖੱਤਰੀ ਕਹਿੰਦਾ ਕਿ ਸੇਵਾ ਕਰਦੇ ਵੇਲੇ ਮੈਂ ਨੰਗੀ ਪੈਰੀ ਸੀ ਤੇ ਮੇਰੇ ਪੈਰ 'ਚ ਸੂਲ ਵੱਜ ਗਈ ਹੈ। ਇਸ ਕਰਕੇ ਲੰਙਾ ਰਿਹਾ ਹਾਂ।

ਗਵਾਂਢੀ ਕਹਿੰਦਾ ਕਿ ਮਤਲਬ ਤੈਨੂੰ ਅੱਜ ਸੂਲ ਹਾਸਲ ਹੋਈ ਆ? ਖੱਤਰੀ ਕੋਲ ਕੋਈ ਜਵਾਬ ਨਹੀ ਸੀ।

ਗਵਾਂਢੀ ਬੜੇ ਗਰਬ ਨਾਲ ਕਹਿੰਦਾ ਕਿ ਵੇਖ ਮੈਨੂੰ ਸੋਨੇ ਦੀ ਮੋਹਰ ਮਿਲੀ ਹੈ ਇਥੋਂ। ਉਸ ਨੇ ਸਾਰੀ ਗਲ ਦੱਸੀ।

ਖੱਤਰੀ ਨੂੰ ਗੱਲ ਨਹੀ ਸੀ ਆ ਰਹੀ। ਆਖਿਰ ਦੋਵਾਂ ਨੇ ਤਹਿ ਕੀਤਾ

ਸਿੱਧ ਪੀਠ, ਉਦਾਸੀਨ ਆਸ਼ਰਮ ਇਹ ਗੇਂਦੀ ਖਾਤਾ ਤੋਂ ਐਨ 5 ਕਿ.ਮੀ. ਪੱਛਮ ਦੱਖਣ ਵਿਚ ਹੈ। ਇਥੇ ਬਾਬਾ ਸ੍ਰੀਚੰਦ ਪੂਜੀਦਾ ਹੈ



ਕਿ ਇਸ ਗਲ ਦਾ ਜਵਾਬ ਬਾਬਾ ਨਾਨਕ ਕੋਲੋਂ ਲਿਆ ਜਾਵੇ ਕਿ ਸਤਸੰਗ ਦਾ ਕੀ ਆਹ ਫਾਇਦਾ ਹੁੰਦਾ ਹੈ?

ਅਗਲੇ ਦਿਨ ਦੋਵੇ ਗੁਰੂ ਨਾਨਕ ਦੀ ਸਭਾ ਵਿਚ ਪਹੁੰਚ ਗਏ ਤੇ ਜਾ ਕੇ ਖੱਤਰੀ ਨੇ ਸਵਾਲ ਕਰ ਦਿਤਾ ਤੇ ਸਾਰੀ ਵਿਥਿਆ ਦੱਸੀ।

ਗੁਰੂ ਸਾਹਿਬ ਨੇ ਜਵਾਬ ਦਿਤਾ ਕਿ ਵੇਖ ਮੇਰੇ ਖੱਤਰੀ ਭਾਈ ਤੇਰੀ ਕਿਸਮਤ ਵਿਚ ਸੂਲੀ ਲਿਖੀ ਹੋਈ ਸੀ। ਸ਼ਾਮੀ ਤੇਰੇ ਕੋਲੋਂ ਕੋਈ ਗੁਨਾਹ ਹੋਣਾਂ ਸੀ ਜਿਸ ਤੇ ਅਦਾਲਤ ਨੇ ਤੈਨੂੰ ਫਾਂਸੀ ਦੇਣੀ ਸੀ। ਪਰ ਉਹ ਤਰਕਾਲਾਂ ਦਾ ਵੇਲਾ ਤੂੰ ਸਤਿਸੰਗ ਵਿਚ ਲਾ ਦਿਤਾ। ਜਿਸ ਕਾਰਨ ਤੇਰਾ ਗੁਨਾਹ ਟੱਲ ਗਿਆ। ਸੋ ਤੇਰੀ ਸੂਲੀ ਦੀ ਸੂਲ ਬਣ ਗਈ।

ਗਵਾਂਢੀ ਨੂੰ ਕਹਿਣ ਲੱਗੇ, ਭਾਈ ਤੇਰੇ ਪੂਰਬਲੇ ਜਨਮ ਪਵਿਤ੍ਰ ਸਨ। ਜਿਸ ਕਰਕੇ ਇਸ ਜਨਮ ਵਿਚ ਤੈਨੂੰ ਦੁਨਿਆਵੀ ਅਨੰਦ ਮਿਲੇ ਹਨ, ਜਿੰਨਾਂ ਵਿਚ ਤੂੰ ਗਵਾਚਿਆ ਹੋਇਆ ਫਿਰ ਰਿਹੈ। ਬਾਕੀ ਜਿਹੜਾ ਤੈਨੂੰ ਕੋਲਿਆਂ ਦਾ ਕੁੱਜਾ ਮਿਲਿਆ ਹੈ ਉਹ ਦਰਅਸਲ ਮੋਹਰਾਂ ਸਨ। ਤੇਰੇ ਹੁਣ ਵਾਲੇ ਕਰਮਾਂ ਕਰਕੇ ਉਹ ਮੋਹਰਾਂ ਇਕ ਇਕ ਕਰਕੇ ਕੋਲਾ ਹੋ ਗਈਆਂ। ਤੂੰ ਅੱਜ ਖੱਤਰੀ ਕੋਲੋਂ ਨੇਕੀ ਦੀਆਂ ਕੁਝ ਗੱਲਾਂ ਸੁਣੀਆਂ। ਤੇਰੇ ਮੰਨ ਵਿਚ ਵੀ ਚਾਅ ਪੈਦਾ ਹੋਇਆ ਸਤਿਸੰਗ ਸੁਣਨ ਦਾ। ਪਰ ਦੂਸਰਾ ਮੰਨ ਤੈਨੂੰ ਖੋਟੇ ਪਾਸੇ ਲੈ ਗਇਆ। ਅੱਗੇ ਫਿਰ ਤੇਰੀ ਕਿਸਮਤ ਨੇ ਸਾਥ ਦਿਤਾ ਜਿਹੜਾ ਵੇਸਵਾ ਤੈਨੂੰ ਮਿਲੀ ਨਹੀ। ਉਸ ਵਿਹਲੇ ਵੇਲੇ ਵਿਚ ਤੇਰਾ ਮੰਨ ਧਾਰਮਿਕ ਖਿਆਲਾਂ ਵਿਚ ਲੱਗਾ ਰਿਹਾ। ਜਿਸ ਕਾਰਨ ਤੇਰੀ ਅੱਜ ਤੇ ਕਲ੍ਹ ਦੀ ਸੋਚ ਕਰਕੇ ਇਕ ਮੋਹਰ ਤਾਂ ਬਚ ਗਈ ਬਾਕੀ ਸਭ ਕੋਲਾ ਹੋ ਗਈਆਂ। ◘

ਗੁਰੂ ਸਾਹਿਬ ਨੇ ਕਿਹਾ ਕਿ ਵੇਖੋ ਨਾਮ ਦੀ ਸ਼ਰਨ ਵਿਚ ਗਇਆਂ ਇਸ ਪ੍ਰਕਾਰ ਸੂਲੀ ਤੋਂ ਸੂਲ ਬਣ ਜਾਂਦੀ ਹੈ ਤੇ ਬੁਰੇ ਕਰਮਾਂ ਵਿਚ ਪੈਣ ਤੇ ਸੋਨਾ ਵੀ ਕੋਲਾ ਹੋ ਜਾਂਦਾ ਹੈ। ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਤੇ ਕਿਹਾ ਕਿ ਭਾਈ ਮਾਰੂ ਦੀ ਤਰਜ ਤੇ ਤਾਰ ਖਿੱਚ। ਸ਼ਬਦ ਗਾਇਆ:-

ਮਾਰੂ ਮਹਲਾ ੧ ਘਰੁ ੧ ॥ ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥ ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥

----◈-----

ਸਾਈਕਲ ਯਾਤਰੀ -154 ਨੇ ਰੁੜਕੀ ਤੋਂ 10 ਕਿ. ਮੀ. ਉੱਤਰ ਪੂਰਬ ਵਲ ਪਿੰਡ ਸੰਤਰਸ਼ਾਹ ਵਿਖੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਆਉਣ ਬਾਰੇ ਵੀ ਲਿਖਿਆ ਹੈ ਤੇ ਤਸਦੀਕ ਕੀਤਾ ਹੈ ਕਿ ਇਥੇ ਉਦਾਸੀ ਸੰਤਾਂ ਨੇ ਗੁਰਦੁਆਰਾ ਵੀ ਬਣਾਇਆ ਹੋਇਆ ਹੈ।

ਪੈੜ ਸਫਾ

◘ ਬਾਲਾ- 136। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਇਹ ਘਟਨਾ ਪਟਨਾ ਦੇ ਲਾਗੇ ਚਾਗੇ ਕਿਤੇ ਵਾਪਰੀ। ਪਰ ਗੈਂਡੀਖਾਤਾ ਵਿਚ ਕਿਉਕਿ ਸੀਨਾ ਬਸੀਨਾ ਇਹ ਕਥਾ ਚਲਦੀ ਆ ਰਹੀ ਹੈ ਇਸ ਕਰਕੇ ਸਾਖੀ ਨੂੰ ਟਿਕਾਣੇ ਤੇ ਦੇ ਦਿੱਤਾ ਗਇਆ ਹੈ। ਇਸ ਅਸਥਾਨ ਤੇ ਗੁਰੂ ਸਾਹਿਬ ਨਜੀਬਾਬਾਦ ਵਾਲੇ ਪਾਸਿਓ ਆਏ ਸਨ।



ਬਾਲਕ ਬਣਿਆ ਬਾਬਾ (ਬੀ-40 ਤਸਵੀਰ)

----◈-----

## ਪਿੰਡ ਨਵਾਦਾ ਡੇਹਰਾਦੂਨ ਵਿਖੇ ਗੁਰੂ ਸਾਹਿਬ ਆਏ ਸਨ?

ਸਾਈਕਲ ਯਾਤਰੀ- 165. ਅਨੁਸਾਰ ਡੇਹਰਾਦੂਨ ਦੇ 9 ਕਿ.ਮੀ ਦੱਖਣ ਪਿੰਡ ਨਵਾਦਾ ਵਿਖੇ ਗੁਰੂ ਸਾਹਿਬ ਦਾ ਅਸਥਾਨ ਹੈ ਜੋ ਕਿ ਉਦਾਸੀ ਸੰਤਾਂ ਦੇ ਕਬਜੇ ਤਹਿਤ ਹੈ। ਇਸ ਬਾਬਤ ਹੋਰ ਕੋਈ ਜਾਣਕਾਰੀ ਨਹੀ ਦਿੱਤੀ।

----◈-----

## ਜਦੋਂ ਬਾਲਕ ਬਣ ਕੇ ਬਾਬਾ ਬਾਰ ਬਾਰ ਵਿਕਿਆ – ਟਾਂਡਾ ਜਿਲਾ ਊਧਮ ਸਿੰਘ ਨਗਰ

ਸ੍ਰੀ ਨਗਰ ਗੜ੍ਹਵਾਲ ਤੋਂ ਗੁਰੂ ਸਾਹਿਬ ਹੇਠਾਂ ਉਤਰੇ, ਕੋਟਦਵਾਰਾ, ਨਗੀਨਾ, ਕਾਂਸ਼ੀਪੁਰ, ਅਲਮੋੜਾ ਘੁੰਮਦੇ ਘੁੰਮਾਦੇ ਵਣਜਾਰਿਆਂ ਦੇ ਟਾਂਡੇ ਆ ਪਹੁੰਚੇ। ਟਾਂਡਾ ਉਸ ਨੂੰ ਕਹਿੰਦੇ ਹਨ ਜਿੱਥੇ ਪੁਰਾਣੇ ਸਮਿਆਂ ਵਿੱਚ ਸੁਦਾਗਰ ਲੋਕ ਰਾਤ ਬਿਤਾਉਂਦੇ ਸਨ। ਸਬੰਧਤ ਰਾਜਾ ਉਸ ਥਾਂ ਤੇ ਵਣਜਾਰਿਆਂ ਦੀ ਰਾਖੀ ਦੀ ਜਿੰਮੇਵਾਰੀ ਲੈਂਦਾ ਸੀ। ਅਜਿਹੇ ਥਾਂ ਵਕਤ ਪਾ ਕੇ ਅਮੂਮਨ ਸ਼ਹਿਰ ਦਾ ਰੂਪ ਧਾਰਨ ਕਰ ਜਾਂਦੇ ਸਨ। ਇਹੋ ਕਾਰਨ ਹੈ ਟਾਂਡਾ ਨਾਂ ਦੇ ਕਈ ਸ਼ਹਿਰ ਹਨ। ਪਰ ਜਿਸ ਟਾਂਡੇ ਦਾ ਇਥੇ ਜਿਕਰ ਹੈ ਇਹ ਉਤਰਾਖੰਡ ਦੇ ਜਿਲਾ ਊਧਮ ਸਿੰਘ ਨਗਰ ਦੇ ਰੁਦਰਪੁਰ ਤੋਂ ਨੱਕ ਦੀ ਸੇਧ ਹੇਠਾਂ 13 ਕਿਲੋਮੀਟਰ ਦੱਖਣ ਹੈ। ਨਾਲ ਦਾ ਪਿੰਡ ਕੀਛਾ ਹੈ। ਇਸ ਪਿੰਡ ਦੇ ਨਾਲ ਹੀ ਯੂ ਪੀ ਦਾ ਬਰੇਲੀ ਜਿਲਾ ਸ਼ੁਰੂ ਹੋ ਜਾਂਦਾ ਹੈ।

ਜਦੋਂ ਗੁਰੂ ਸਾਹਿਬ ਇਥੇ ਪਧਾਰੇ ਇਲਾਕੇ ਦਾ ਜਗੀਰਦਾਰ



ਜਿੱਥੇ ਬਾਗ ਹਰਿਆ ਕੀਤਾ ਓਥੇ ਅੱਜ ਮੌਜੂਦ ਹੈ ਗੁਰਦੁਆਰਾ ਗੁਰੂ ਕਾ ਬਾਗ।

ਰੁਹੇਲਾ ਪਠਾਣ ਸੀ। ਪਠਾਣ ਨਵੇਂ ਨਵੇਂ ਆ ਕੇ ਇਥੇ ਵਸੇ ਸਨ। ਪਰ ਇਨਾਂ ਵਿੱਚੋਂ ਕੁਝ ਇਕ ਨੇ ਨਵਾਂ ਹੀ ਕਸਬ ਅਖਤਿਆਰ ਕੀਤਾ ਹੋਇਆ ਸੀ। ਜਿਵੇਂ ਅਰਬ ਤੇ ਉਤਰੀ ਅਫਰੀਕਾ ਵਿੱਚ ਹੁੰਦਾ ਸੀ ਕਿ ਲੋਕ ਗੁਲਾਮਾਂ ਦਾ ਵਪਾਰ ਕਰਦੇ ਸਨ। ਇਥੋਂ ਦੇ ਰੁਹੇਲੇ ਪਠਾਣ ਗਰੀਬ ਗੁਰਬੇ ਲੋਕਾਂ ਦੇ ਬੱਚੇ ਚੁੱਕ ਲੈ ਜਾਂਦੇ ਤੇ ਓਨਾਂ ਨੂੰ ਅੱਗੇ ਵੇਚ ਦਿੰਦੇ ਸਨ। ਇਲਾਕੇ ਦੇ ਲੋਕ ਇਨਾਂ ਤੋਂ ਡਾਢੇ ਪ੍ਰੇਸ਼ਾਨ ਸਨ।

ਜਦੋਂ ਗੁਰੂ ਸਾਹਿਬ ਨੇ ਹਰਦੁਆਰ ਵਿਖੇ ਆਪਣੇ ਚਮਤਕਾਰ ਦਿਖਾਏ ਓਦੋਂ ਹੀ ਹਰਾ ਨਾਂ ਦਾ ਬੰਦਾ ਗੁਰੂ ਸਾਹਿਬ ਦਾ ਸਿੱਖ ਬਣ ਗਿਆ। ਹਰਾ ਇਸੇ ਟਾਂਡੇ ਦਾ ਵਸਨੀਕ ਸੀ। ਉਸ ਨੇ ਗੁਰੂ ਸਾਹਿਬ ਨੂੰ ਬੱਚਿਆਂ ਦੇ ਵਿੱਕਣ ਦੀ ਸਾਰੀ ਵਿਥਿਆ ਸੁਣਾਈ। ਗੁਰੂ ਸਾਹਿਬ ਨੇ ਹਰੇ ਨੂੰ ਕਿਹਾ ਕਿ ਉਹ ਵਕਤ ਮਿਲਣ ਤੇ ਟਾਂਡੇ ਪਹੁੰਚਣਗੇ।

ਸੋ ਸ੍ਰੀ ਨਗਰ ਤੋਂ ਚਲ ਕੇ ਗੁਰੂ ਸਾਹਿਬ ਟਾਂਡੇ ਆਏ ਤੇ ਭਾਈ ਮਰਦਾਨੇ ਨੂੰ ਭਾਈ ਹਰਾ ਦੇ ਘਰ ਭੇਜ ਦਿੱਤਾ। ਆਪ ਗੁਰੂ ਸਾਹਿਬ ਟਾਂਡੇ ਦੇ ਬਜਾਰ ਵਿੱਚ ਅਣਭੋਲ ਜਿਹੇ 12 ਸਾਲ ਦੇ ਸੁੰਦਰ ਬਾਲਕ ਬਣ ਬੈਠੇ। ਜਦੋਂ ਕਿਸੇ ਪਠਾਣ ਨੂੰ ਪਤਾ ਲੱਗਾ ਕਿ ਕੋਈ ਗਵਾਚਿਆ ਹੋਇਆ ਬੱਚਾ ਇਕੱਲਾ ਬੈਠਾ ਹੈ ਤਾਂ ਪਠਾਣ ਬਾਲਕ ਨੂੰ ਆਪਣੇ ਨਾਲ ਘਰ ਲੈ ਗਿਆ। ਪਠਾਣੀ ਨੇ ਕਿਹਾ ਸਾਫ ਸੁਥਰਾ ਲੱਗਦਾ ਆ, ਬਾਲਕ ਕੋਲੋਂ ਘਰ ਦਾ ਕੰਮ ਲੈਨੇ ਆ। ਪਠਾਣ ਕਹਿਣ ਲੱਗਾ ਭਲੀਏ ਲੋਕੇ ਇਹਦੇ ਤੋਂ ਚੋਖੇ ਪੈਸੇ ਮਿਲਣੇ ਨੇ ਵੇਚਣ ਤੇ।

ਅਗਲੇ ਦਿਨ ਪਠਾਣ ਨੇ ਬਾਲਕ ਨਾਨਕ ਨੂੰ ਬਾਗਾਂ ਦੇ ਮਾਲਕ ਕੋਲ ਵੇਚ ਦਿੱਤਾ ਤੇ ਬਦਲੇ ਵਿੱਚ ਦੋ ਘੋੜੇ ਲਏ। ਮਾਲਕ ਨੇ ਗੁਲਾਮ ਬਾਲਕ ਨੂੰ ਆਪਣੇ ਬਗੀਚੇ ਵਿੱਚ ਭੇਜ ਦਿੱਤਾ ਤਾਂ ਕਿ ਫਲਦਾਰ ਰੁੱਖਾਂ ਦੀ ਪੰਛੀਆਂ ਤੋਂ ਰਾਖੀ ਕਰੇ। ਛੇਤੀ ਹੀ ਗੁਲਾਮ (ਨਾਨਕ) ਵਾਪਸ ਮਾਲਕ ਕੋਲ ਆ ਗਇਆ ਕਿ ਓਥੇ ਤਾਂ ਕੋਈ ਫਲਦਾਰ ਬੂਟਾ ਹੀ ਨਹੀ ਕਾਹਦੀ ਰਾਖੀ ਕਰਨੀ ਆ। ਮਾਲਕ ਹੈਰਾਨ ਹੋਇਆ ਬਾਗ ਵਿੱਚ ਗਇਆ ਤਾਂ ਵੇਖ ਕੇ ਹੈਰਾਨ ਰਹਿ ਗਿਆ। ਬਾਗ ਬਰਬਾਦ ਸੀ, ਸੁੱਕ ਚੁੱਕਾ ਸੀ।

ਅਗਲੇ ਦਿਨ ਗੁਲਾਮ ਬਾਲਕ ਨੂੰ ਦੂਸਰੇ ਬਾਗ ਭੇਜਿਆ ਤਾਂ ਓਥੇ ਵੀ ਓਹੋ ਹਾਲਤ। ਆਖਿਰ ਮਾਲਕ ਨੂੰ ਅਹਿਸਾਸ ਹੋਇਆ ਕਿ ਇਹ ਗੁਲਾਮ ਹੀ ਕਲੈਹਣਾ ਬਾਲਕ ਹੈ, ਜਿੱਥੇ ਜਾਂਦਾ ਓਥੇ ਹੀ ਬਰਬਾਦੀ ਹੋ ਜਾਂਦੀ ਹੈ। ਘਰ ਦੀ ਬਰਕਤ ਵੀ ਖਤਮ ਹੋ ਗਈ ਸੀ। ਬਾਲਕ ਨੇ ਹੌਲੀ ਜਿਹੀ ਮਾਲਕ ਨੂੰ ਕਹਿ ਦਿੱਤਾ ਕਿ ਮੈਨੂੰ ਅਜਾਦ ਕਰ ਦੇ ਤੇਰਾ ਸਭ ਕੁਝ ਪਰਤ ਆਏਗਾ। ਮਾਲਕ ਨੇ ਅਗਲੇ ਸਵੇਰੇ ਗੁਲਾਮ ਅਜ਼ਾਦ ਕਰ ਦਿੱਤਾ।

ਬਾਲਕ ਦਾ ਰੂਪ ਧਾਰੀ ਬਾਬਾ ਫਿਰ ਜਾ ਓਸੇ ਥੜੇ ਤੇ ਬਿਰਾਜਮਾਨ ਹੋ ਗਿਆ। ਪਹਿਲਾਂ ਵਾਲੇ ਰੁਹੇਲੇ ਪਠਾਣ ਨੇ ਫਿਰ ਬਾਲਕ ਨੂੰ ਕਾਬੂ ਕਰ ਲਿਆ ਤੇ ਘਰ ਲੈ ਗਿਆ।

ਹੁਣ ਬਾਲਕ ਨੂੰ ਆਜੜੀ ਕੋਲ ਵੇਚ ਦਿੱਤਾ ਜਿਹਦੇ ਕੋਲ ਭੇਡਾਂ ਦਾ ਵੱਡਾ ਵੱਗ ਸੀ। ਬਾਬਾ ਲੱਗਾ ਭੇਡਾਂ ਚਾਰਨ। ਜਿਵੇ ਬਾਬੇ ਨੇ ਵੱਗ ਵਿੱਚ ਪੈਰ ਪਾਇਆ ਭੇਡਾਂ ਅਜਿਹੀਆਂ ਡਿੱਗਣੀਆਂ ਸ਼ੁਰੂ ਹੋਈਆਂ ਕੇ ਸੱਥਰਾਂ ਦੇ ਸੱਥਰ ਵਿਛ ਗਏ। ਆਜੜੀ ਲੱਗਾ ਵਰਲਾਪ ਕਰਨ। ਬਾਬੇ ਨੇ ਆਜੜੀ ਨੂੰ ਕਿਹਾ ਕਿ ਮੈਨੂੰ ਅਜ਼ਾਦ ਕਰ ਦੇ ਤੇਰੀਆਂ ਭੇਡਾਂ ਸਭ ਤੰਦਰੁਸਤ ਹੋ ਜਾਣਗੀਆ। ਆਜੜੀ ਨੇ ਅਜਿਹਾ ਹੀ ਕੀਤਾ ਤੇ ਆਪਣੀਆ ਭੇਡਾਂ ਬਚਾ ਲਈਆਂ।

ਅਗਲੇ ਸਵੇਰੇ ਬਾਲਕ ਫਿਰ ਜਾਂ ਓਸੇ ਥੜੇ ਤੇ ਬੈਠਾ। ਚਲਾਕ



ਜਿੱਥੇ ਪਾਣੀ ਲੈਣ ਗਏ ਸੀ ਓਥੇ ਗੁਰਦੁਆਰਾ ਗੁਰੂ ਘਾਟ,

ਪਠਾਣ ਨੇ ਫਿਰ ਕਾਬੂ ਕਰ ਲਿਆ। ਐਤਕਾਂ ਬਾਬਾ ਕਿਸੇ ਅਜਿਹੇ ਘਰ ਵਿਕ ਗਇਆ ਜਿੰਨਾਂ ਨੂੰ ਘਰ ਵਿੱਚ ਨੌਕਰ ਦੀ ਜਰੂਰਤ ਸੀ। ਤੇ ਲਓ ਬਾਲਕ ਨੂੰ ਆਟਾ ਪੀਹਣ ਦਾ ਹੁਕਮ ਹੋ ਗਿਆ। ਬਾਲਕ ਦੀ ਚੱਕੀ ਜੋਰ ਸ਼ੋਰ ਨਾਲ ਚਲ ਰਹੀ ਹੈ। ਘਰ ਦੇ ਵੇਖ ਵੇਖ ਵਿਸਮਾਦ ਵਿੱਚ ਆਈ ਜਾ ਰਹੇ ਨੇ ਕਿ ਨੌਕਰ ਵਧੀਆ ਮਿਲ ਗਿਆ।

ਫਿਰ ਘਰ ਦੀ ਸਵਾਣੀ ਨੇ ਵੇਖਿਆ ਕਿ ਬਾਲਕ ਚੱਕੀ ਨੂੰ ਵਾਹਵਾ



ਗੁਰਦੁਆਰਾ ਚੱਕੀ ਸਾਹਿਬ ਜਿਥੇ ਬਾਲਕ ਰੂਪ ਗੁਰੂ ਨਾਨਕ ਨੂੰ ਚੱਕੀ ਪੀਹਣ ਲਗਾਇਆ ਗਇਆ ਸੀ।



ਗੁਰਦੁਆਰਾ ਨਾਨਕਪੁਰੀ -ਜਿਥੇ ਖੂਹ ਸੁਕਾ ਦਿਤਾ ਸੀ। ਇਲਾਕੇ ਵਿਚ ਵੱਡੀ ਗਿਣਤੀ ਪੰਜਾਬੀ ਜਿਮੀਦਾਰਾਂ ਦੀ ਹੈ। ਜਿਸ ਕਾਰਨ ਯਾਦਗਾਰਾਂ ਬਹੁਤ ਸ਼ਾਨਦਾਰ ਬਣੀਆਂ ਹਨ।

ਗੇੜੀ ਦਈ ਜਾ ਰਿਹਾ ਹੈ, ਕਣਕ ਦਾ ਬੋਹਲ ਵੀ ਮੁੱਕਣ ਵਾਲਾ ਹੈ ਪਰ ਗੱਲਾ ਖਾਲੀ ਹੈ। ਉਸ ਨੇ ਦੁਹਾਈ ਦੇ ਦਿੱਤੀ ਕਿ ਹਨੇਰ ਸਾਈ ਦਾ ਆਟਾ ਸਾਰਾ ਗਾਇਬ ਹੈ। ਇਹ ਬਾਲਕ ਹੈ ਕਿ ਕੋਈ ਦੇਅ ਹੈ ਜੋ ਸਾਰਾ ਆਟਾ ਹੀ ਖਾ ਗਿਆ। ਦੁਹਾਈ ਮੱਚ ਗਈ। ਬਾਲਕ ਨੇ ਫਿਰ ਘਰ ਵਾਲਿਆ ਨੂੰ ਸਮਝਾਇਆ ਕਿ ਮੈਨੂੰ ਅਜ਼ਾਦ ਕਰੋ ਤੁਹਾਡੀ ਕਣਕ ਦਾ ਬੋਹਲ ਸਹੀ ਸਲਾਮਤ ਨਿਕਲੇਗਾ। ਓਨਾਂ ਭਰੋਸਾ ਦਿਵਾਇਆ ਤਾਂ ਕੀ ਵੇਖਦੇ ਹਨ ਸਾਰੀ ਕਣਕ ਓਥੇ ਮੌਜੂਦ ਹੈ।

ਬਾਬਾ ਅਜਾਦ ਹੋ ਕੇ ਅਗਲੇ ਸਵੇਰੇ ਫਿਰ ਓਸੇ ਥੜੇ ਤੇ ਜਾ ਬੈਠਾ ਤੇ ਰੁਹੇਲੇ ਨੇ ਫਿਰ ਬਾਬੇ ਨੂੰ ਕਾਬੂ ਕਰਕੇ ਐਤਕਾਂ ਅਜਿਹੇ ਘਰ ਦੇ ਦਿੱਤਾ ਜਿੰਨਾਂ ਬਾਬੇ ਨੂੰ ਪਾਣੀ ਢੋਣ ਤੇ ਲਾ ਦਿੱਤਾ। ਪਾਣੀ ਦੇ ਦੂਸਰੇ ਫੇਰੇ ਬਾਦ ਗੁਲਾਮ ਨੇ ਘਰ ਵਾਲਿਆਂ ਨੂੰ ਕਿਹਾ ਕਿ ਖੂਹ ਵਿੱਚ ਤਾਂ ਪਾਣੀ ਮੁੱਕ ਗਇਆ ਹੈ ਮੈਂ ਪਾਣੀ ਕਿਥੋ ਲਿਆਵਾਂ। ਮਾਲਕ ਨੇ ਜਦ ਜਾ ਕੇ ਵੇਖਿਆ ਤਾਂ ਸਚਮੁੱਚ ਪਾਣੀ ਸੁੱਕ ਚੁੱਕਾ ਸੀ। ਪਿੰਡ 'ਚ ਦੁਹਾਈ ਮੱਚ ਗਈ। ਲਾਗਲੇ ਨਦੀ ਨਾਲੇ ਤੇ ਗੁਲਾਮ ਨੂੰ ਪਾਣੀ ਲੈਣ ਭੇਜਿਆ ਗਿਆ। ਦਰਿਆ ਸੁੱਕ ਚੁੱਕਾ ਸੀ।

ਇਲਾਕੇ ਵਿੱਚ ਹਾਹਾਕਾਰ ਮੱਚ ਗਈ। ਸਭ ਲੋਕ ਮਸੀਤ ਦੇ ਲਾਗੇ ਇਕੱਠੇ ਹੋਏ ਕਿ ਦੁਆ ਕਰੋ ਕਿ ਪਾਣੀ ਆਏ। ਪਰ ਪਾਣੀ ਨਸੀਬ ਨਾਂ ਹੋਇਆ। ਓਥੇ ਫਿਰ ਗੁਰੂ ਸਾਹਿਬ ਆਪਣੇ ਅਸਲੀ ਸਰੂਪ ਵਿੱਚ ਆ ਕੇ ਹਾਜਰ ਹੋ ਕੇ ਲੋਕਾਂ ਨੂੰ ਲਾਹਣਤ ਪਾਈ ਕਿ ਤੁਸੀ ਕਿਹੜਾ ਕਿਸਬ ਫੜਿਆ ਹੋਇਆ ਹੈ, ਮਾਵਾਂ ਦੇ ਬੱਚੇ ਵੇਚਦੇ ਹੋ। ਇਹ ਧੰਧਾ ਤੁਰੰਤ ਬੰਦ ਕਰੋ। ਖ਼ੁਦਾ ਤੁਹਾਡੇ ਗੁਨਾਹ ਮਾਫ ਕਰੇਗਾ ਤੇ ਪਾਣੀ ਫਿਰ ਸਿੰਮੇਗਾ।

ਲੋਕਾਂ ਨੇ ਅਗੇ ਤੋਂ ਅਜਿਹਾ ਗੁਨਾਹ ਕਰਨ ਤੋਂ ਤੋਬਾ ਕੀਤੀ। ਗੁਰੂ ਸਾਹਿਬ ਨੇ ਲੋਕਾਂ ਨੂੰ ਸੱਚ ਤੇ ਦਇਆ ਧਰਮ ਦੀ ਪਾਲਣਾ ਕਰਨ ਦਾ ਉਪਦੇਸ਼ ਦਿੱਤਾ ਤੇ ਨਾਮ ਦਾਨ ਇਸਨਾਨ ਦ੍ਰਿੜਾਇਆ। ਧਰਮ ਦੀ ਕਿਰਤ ਕਰਨ ਤੇ ਜ਼ੋਰ ਦਿੱਤਾ।⊙

ਲਗਦੈ ਕਿ ਲਾਲੇ ਵਾਲਾ ਸ਼ਬਦ ਪਾਤਸ਼ਾਹ ਨੇ ਇਥੇ ਹੀ ਉਚਾਰਿਆ ਹੈ। ਸਬਦ ਵਿੱਚ ਲਾਲਾ ਮਤਲਬ ਗੁਲਾਮ, ਵਿਕਣ, ਪਾਣੀ, ਪੀਸਣਾ, ਲੂਣ ਹਰਾਮੀ ਆਦਿ ਦਾ ਸਾਫ ਜਿਕਰ ਹੈ।

**ਮਾਰੂ ਮਹਲਾ ੧ ॥ ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥ ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥ ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ॥ ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥ ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥ ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥ ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥ ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥**

----◈-----

## ਰੇਠੇ ਕੀਤੇ ਮਿੱਠੇ

ਸ੍ਰੀਨਗਰ (ਗੜਵਾਲ) ਤੋ ਲੱਗਦੈ ਗੁਰੂ ਸਾਹਿਬ ਇਸ ਅਸਥਾਨ ਤੇ ਪਹੁੰਚੇ ਜਿੰਨੂ ਅੱਜ ਰੀਠਾ ਸਾਹਿਬ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਇਥੇ ਵੀ ਗੁਰੂ ਸਾਹਿਬ ਦੀ ਜੋਗੀਆਂ ਨਾਲ ਗੋਸ਼ਟ ਹੋਈ। ਸਥਾਨ ਨਾਨਕਮਤੇ ਤੋਂ ਕੋਈ 5-6 ਘੰਟੇ (ਕਾਰ ਰਾਂਹੀ) ਦੀ ਦੂਰੀ ਤੇ ਹੈ।

ਰੇਠੇ ਦੇ ਰੁੱਖ ਦੀ ਛਾਵੇਂ ਬਹਿ ਜਦੋਂ ਸਿੱਧਾਂ ਨਾਲ ਗੱਲ ਬਾਤ ਚਲ ਰਹੀ ਸੀ ਤਾਂ ਮਰਦਾਨੇ ਨੂੰ ਭੁੱਖ ਸਤਾਉਣ ਲੱਗੀ। ਉਸ ਗੁਰੂ ਸਾਹਿਬ ਨੂੰ ਅਰਜ ਕੀਤੀ। ਲਾਗੇ ਬੈਠੇ ਜੋਗੀ ਕਹਿਣ ਲੱਗੇ ਜੀ ਇਥੇ ਪਹਾੜੀ ਇਲਾਕੇ ਵਿੱਚ ਰੋਟੀ ਪਾਣੀ ਕਿਥੇ? ਅਸੀ ਤਾਂ ਪਉਣ-ਅਹਾਰੀ ਹਾਂ। ਕਹਿਣ ਦਾ ਮਤਲਬ ਉਨਾਂ ਟਾਲ ਮਟੋਲ ਕਰ ਦਿੱਤਾ। ਦਿਆ ਦੇ ਸਮੁੰਦਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਆਖਿਆ ਭਾਈ ਇਹ ਰੁੱਖ ਤੇ ਚੜ੍ਹ ਜਾ ਤੇ ਇਹ ਫਲ ਖਾ ਕੇ ਭੁੱਖ ਮਿਟਾ ਲਓ। ਜੋਗੀ ਇਹ ਸੁਣ ਕੇ ਜ਼ੋਰ ਦੀ ਹੱਸ ਪਏ ਤੇ ਕਹਿਣ ਲੱਗੇ ਆਪਣੇ ਸੇਵਕ ਨੂੰ ਰੀਠੇ ਦਾ ਕੌੜਾ ਫਲ ਖਵਾਉਣ ਲੱਗੇ ਹੋ ਜਿਸ ਨਾਲ ਕਪੜੇ ਧੋਈਦੇ ਨੇ।

ਗੁਰੂ ਸਾਹਿਬ ਨੇ ਵਿਅੰਗਮਈ ਮੁਸਕਰਾਂਉਦੇ ਹੋਏ ਕਿਹਾ ਕਿ ਕਦੀ ਕੁੜੱਤਣ ਵੀ ਖਾਣੀ ਚਾਹੀਦੀ ਹੈ ਸਿਹਤ ਵਾਸਤੇ ਚੰਗੀ ਹੁੰਦੀ ਹੈ:-



**ਸਲੋਕ ਮਃ ੧ ॥ ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ**




ਪੈੜ ਸਫ਼ਾ

⊙ ਪਠਾਣਾ ਨਾਲ ਸਬੰਧਤ ਹੋਣ ਕਰਕੇ ਕੁਝ ਲਿਖਾਰੀਆਂ ਨੇ (ਜਨਮ ਸਾਖੀ ਭਾਈ ਬਾਲਾ- ਜਵਾਹਰ ਸਿੰਘ ਕਿਰਪਾਲ ਸਿੰਘ) ਇਹ ਸਾਖੀ ਪੱਛਮ ਦੀ ਉਦਾਸੀ ਵੇਲੇ ਦੀ ਲਿਖੀ ਹੈ ਜੋ ਗਲਤ ਹੈ। ਕਿਉਕਿ ਟਾਂਡਾ ਜਿਲਾ ਊਧਮ ਸਿੰਘ ਨਗਰ ਵਿਖੇ ਤਾਂ ਬਾਕਾਇਦਾ ਯਾਦਗਾਰਾਂ ਨੇ।

ਖੁਸੀਆ ਕਿਆ ਚਾਉ ॥ ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ ॥ ਜੇ ਸਉ ਵਰ੍ਹਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ ॥ ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ ॥ ਮਿਠਾ ਕਉੜਾ ਦੋਵੈ ਰੋਗ ॥ ਨਾਨਕ ਅੰਤਿ ਵਿਗੁਤੇ ਭੋਗ ॥ ਝਖਿ ਝਖਿ ਝਖਣਾ ਝਗੜਾ ਝਾਖ ॥ ਝਖਿ ਝਖਿ ਜਾਹਿ ਝਖਹਿ ਤਿਨ੍ ਪਾਸਿ ॥

ਮਰਦਾਨਾ ਤਾਂ ਜਾਣਦਾ ਸੀ। ਉਸ ਨੇ ਜਿਵੇ ਉਹ ਫਲ ਮੂੰਹ ਵਿੱਚ ਪਾਇਆ ਤਾਂ ਅੱਸ਼ ਅੱਸ਼ ਕਰ ਉਠਿਆ। ਵੇਖਾ ਵੇਖੀ ਜੋਗੀਆਂ ਨੇ ਵੀ ਮੂੰਹ ਵਿੱਚ ਪਾ ਲਏ ਤਾਂ ਦੰਗ ਰਹਿ ਗਏ।

ਇਥੇ ਫਿਰ ਗੁਰੂ ਸਾਹਿਬ ਨੇ ਜੋਗੀਆਂ ਨੂੰ ਉਪਦੇਸ਼ ਦਿੱਤਾ ਕਿ ਇਹ ਸਮਾਧੀ ਦਾ ਸਿਧਾਂਤ ਨਿਰਮੂਲ ਹੈ ਤੇ ਅਸਲ ਭਗਤੀ ਅਕਾਲ ਪੁਰਖ ਦਾ ਨਾਮ ਜਪਣਾ ਰਜਾ ਵਿੱਚ ਰਹਿਣਾ ਤੇ ਵੰਡ ਛਕਣਾ ਹੈ।

ਨਾਨਕਮੱਤੇ ਤੋਂ ਹੀ ਸਿੱਧਾ ਕਾਂ ਉਡਾਰੀ 40 ਕਿਲੋਮੀਟਰ ਦੀ ਦੂਰੀ ਤੇ ਰੀਠਾ ਸਾਹਿਬ ਚੰਪਾਰਨ ਜਿਲੇ ਵਿੱਚ ਸਥਾਨ ਹੈ। ਪਹਾੜੀ ਇਲਾਕਾ ਹੋਣ ਕਰਕੇ ਸੜਕ ਦੀ ਲੰਬਾਈ 180 ਕਿਲੋਮੀਟਰ ਪੈ ਜਾਂਦੀ ਹੈ। ਇਥੋ ਹੀ ਗੁਰੂ ਸਾਹਿਬ ਫਿਰ ਨਾਨਕਮਤੇ ਪਹੁਚੇ। ⊙

----◆-----

## ਗੋਰਖਮਤੇ (ਨਾਨਕਮਤੇ) ਪਹੁੰਚਿਆ ਬਾਬਾ

ਜੋਗੀਆਂ ਦੇ ਮੰਦਰਾਂ ਜਾਂ ਮੱਠ ਨੂੰ ਪੰਜਾਬੀ ਵਿੱਚ ਮੱਤ, ਮੱਟ ਜਾਂ ਮੱਤਾ ਕਿਹਾ ਜਾਂਦਾ ਹੈ। - ਪ੍ਰਸਿੱਧ ਮੱਠ ਇਹ ਸਨ: ਗੋਰਖ ਹੱਟੜੀ, ਮਖੜ, ਕਟਾਸ, ਜੱਖਬਰ, ਕਿਰਾਨਾ, ਕੋਹਾਟ, ਬਵਾਨਾ, ਬੋਹੜ, ਅੱਚਲ, ਕਾਹਨੂਵਾਨ, ਭੇੜਾ ਆਦਿ। ●

ਸਨਾਤਨੀ ਅਸਥਾਨਾਂ, ਬਦਰੀ ਨਾਥ ਕੇਦਾਰ ਨਾਥ ਜੋਸ਼ੀ ਮੱਠ ਦੀ ਸੈਰ ਕਰਦੇ ਕਰਦੇ ਬਾਬਾ ਜੀ ਨੂੰ ਪਤਾ ਲੱਗਾ ਸੀ ਕਿ ਹੇਠਾਂ (ਪੀਲੀਭੀਤ ਤੋਂ 50 ਕਿਲੋਮੀਟਰ ਤੇ) ਤੇ ਵੀ ਜੋਗੀਆਂ ਦਾ ਬਹੁਤ ਵੱਡਾ ਮੱਠ ਹੈ ਜਿੱਥੇ ਕਿਸੇ ਵੇਲੇ ਖ਼ੁੱਦ ਗੋਰਖਨਾਥ ਰਿਹਾ ਸੀ। ਬਾਬਾ ਟਾਂਡੇ ਤੋਂ ਉਤਾਂਹ ਰਾਮ ਨਗਰ ਨੂੰ ਗਿਆ। ਅੱਗੇ ਇਤਹਾਸਿਕ ਮਾਰਗ ਬੈਲ ਪੜਾਊ, ਕਾਲਾਢੂੰਗੀ, ਹਲਦਵਾਨੀ, ਚੋਰ ਗਲੀ, ਦੁਹਰਾ ਸਿਤਾਰਗੰਜ ਥਾਂਣੀ ਹੁੰਦੇ ਹੋਏ ਮਰਦਾਨੇ ਨੂੰ ਲੈ ਕੇ ਜਾ ਗੋਰਖਮੱਤੇ ਪਹੁੰਚੇ।

ਮੱਠ ਤੋਂ ਅਜੇ ਕੁਝ ਹਟਵੇਂ ਹੀ ਸਨ ਕਿ ਮਰਦਾਨਾ ਵਗਦੇ ਰਾਹ ਕੰਢੇ ਇੱਕ ਸੁੱਕੇ ਹੋਏ ਪਿੱਪਲ ਦੇ ਥੱਲੇ ਬਹਿ ਗਇਆ ਕਿ ਬਾਬਾ ਹੁਣ ਨਹੀ ਹੋਰ ਤੁਰਿਆ ਜਾਂਦਾ। ਬਾਬੇ ਨੇ ਓਥੇ ਹੀ ਰਾਹ ਵਿੱਚ ਕੀਰਤਨ ਸ਼ੁਰੂ ਕਰ ਦਿੱਤਾ। ਸਥਾਨਕ ਵਸਨੀਕਾਂ ਜਦੋਂ ਵੇਖਿਆ ਕਿ ਇਹ ਪਿੱਪਲ ਤਾਂ ਸਾਲਾਂ ਦਾ ਸੁੱਕ ਚੁੱਕਾ ਸੀ, ਇਹ ਕਿਵੇ ਹਰਿਆ ਹੋ ਉਠਿਐ? ਗੱਲ ਮੱਠ ਦੇ ਜੋਗੀਆਂ ਤੱਕ ਵੀ ਪਹੁੰਚ ਗਈ।



ਬਾਉਲੀ ਸਾਹਿਬ - ਗੁਰੂ ਸਾਹਿਬ ਨੇ ਲੋਕਾਈ ਦੀ ਪਿਆਸ ਬੁਝਾਈ



ਗੁਰਦੁਆਰਾ ਨਾਨਕਮਤਾ ਸਾਹਿਬ ਜਿੱਥੇ ਜੋਗੀਆਂ ਨੂੰ ਰਾਹੇ ਪਾਇਆ ਸੀ। ਪਿਛੇ ਇਤਹਾਸਿਕ ਪਿੱਪਲ ਵੀ ਨਜਰ ਆ ਰਿਹਾ ਹੈ।

ਦੋ ਬਜੁਰਗ ਜੋਗੀ ਆ ਬਾਬੇ ਨਾਨਕ ਦੇ ਦੁਆਲੇ ਹੋਏ। ਭਈ ਪੁਰਖਾ ਕੌਣ ਹੈ ਤੂੰ ? ਕਿਹੜੀ ਸੰਪਰਦਾ ਦਾ ਸਾਧੂ ਏ? ਕੀ ਤੂੰ ਮੁਸਲਮਾਨ ਫਕੀਰ ਏ ਕਿ ਹਿੰਦੂ? ਓਥੇ ਫਿਰ ਗੁਰੂ ਸਾਹਿਬ ਨੇ ਓਨਾਂ ਨੂੰ ਸਮਝਾਇਆ ਕਿ ਮੈਂ ਤਾਂ ਨਿਰੰਕਾਰ ਦਾ ਬੰਦਾ ਹਾਂ, ਨਾਂ ਮੁਸਲਮਾਨ, ਨਾਂ ਹਿੰਦੂ ਹਾਂ। ਮੇਰੇ ਵਾਸਤੇ ਤਾਂ ਦੋਨੋ ਪਿਆਰੇ ਨੇ। ਜਦੋਂ ਜੋਗੀਆਂ ਦੀ ਨਿਸ਼ਾ ਹੋ ਗਈ ਤਾਂ ਬਾਬੇ ਨੇ ਮਰਦਾਨੇ ਨੂੰ ਕਿਹਾ ਕਿ ਜਰਾ ਕੱਸ ਦੇ ਤਾਰਾਂ ਤਾਂ ਸ਼ੁਰੂ ਹੋ ਗਇਆ ਬਾਬਾ:

ਸੂਹੀ ਮਹਲਾ ੧ ॥ ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥ ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥ ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥ ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥ ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥ ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥ ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥ ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥

ਜੋਗੀਆਂ ਨੇ ਜਾ ਮਹੰਤ ਨੂੰ ਰਿਪੋਰਟ ਦਿੱਤੀ ਕਿ ਅਲੌਕਿਕ ਜਿਹਾ ਹੀ ਸਾਧੂ ਹੈ। ਸਮਝ ਨਹੀ ਲੱਗਦੀ ਕਿ ਹਿੰਦੂ ਹੈ ਕਿ ਮੁਸਲਮਾਨ। ਮਹੰਤ ਨੇ ਜਿਹਾ ਕਿ ਜਾਓ ਸਤਿਕਾਰ ਸਹਿਤ ਨਾਨਕ ਨੂੰ ਮੱਠ ਵਿੱਚ ਲੈ ਆਓ।

ਗੁਰੂ ਸਾਹਿਬ ਮੱਠ ਵਿੱਚ ਪਹੁੰਚੇ। ਜੋਗੀਆਂ ਨੇ ਬਣਦੀ ਆਓ ਭਗਤ ਕੀਤੀ। ਕੁਝ ਦੇਰ ਅਰਾਮ ਫਰਮਾਉਣ ਤੋਂ ਬਾਦ ਫਿਰ ਗੁਰੂ ਸਾਹਿਬ ਦੀ ਮੁਲਾਕਾਤ ਮਹੰਤ ਨਾਲ ਹੋਈ। ਮਹੰਤ ਬਹੁਤ ਵਢੇਰੀ ਉਮਰ ਦਾ ਸੀ। ਗੁਰੂ ਸਾਹਿਬ ਨਾਲ ਹੋਈ ਗੱਲ ਬਾਤ ਉਪਰੰਤ ਮਹੰਤ ਨੇ ਜੋਰ ਪਾਇਆ ਕਿ ਨਾਨਕ ਤੂੰ ਕਿਸੇ ਯੋਗ ਸਾਧੂ ਫਕੀਰ ਕੋਲੋ ਦੀਖਿਆ ਲੈ। ਓਨਾਂ ਦਾ ਕਹਿਣ ਦਾ ਮਤਲਬ ਸੀ ਕਿ ਜੋਗੀ ਬਣ ਜਾ। ਇਥੇ ਫਿਰ ਗੁਰੂ ਸਾਹਿਬ ਨੇ ਸੰਨਿਆਸ ਤੇ ਜੋਗ ਪ੍ਰਣਾਲੀ ਦਾ ਖੰਡਨ ਕੀਤਾ। :-

**ਪੈੜ ਸਫਾ**

⊙ ਸਾਈਕਲ ਯਾਤਰੀ -145 ਜੋ ਇਸ ਇਸ ਥਾਂ 1931 ਈ. ਵਿੱਚ ਪਹੁੰਚਿਆ ਨੇ ਲਿਖਿਆ ਹੈ ਕਿ ਰੇਠੇ ਦਾ ਅਸਲੀ ਰੁੱਖ ਜਿਸ ਤੇ ਗੁਰੂ ਸਾਹਿਬ ਦੀ ਬਖਸ਼ਸ਼ ਹੋਈ ਸੀ 1917 ਈ ਵਿੱਚ ਜਮੀਨ ਤੇ ਡਿੱਗ ਪਿਆ ਸੀ। ਰੁੱਖ ਦੇ ਤਣੇ ਲਾਗੋਂ ਇੱਕ ਹੋਰ ਬੂਟਾ ਉੱਗ ਖਲੋਇਆ ਜਿਸ ਨੂੰ ਪਹਿਲਾ ਫਲ 1931 ਵਿੱਚ ਲੱਗਾ। ਇਥੋਂ ਦਾ ਮਹੰਤ ਬਹੁਤ ਭਜਨੀਕ ਤੇ ਗੁਰੂ ਤੇ ਭਰੋਸਾ ਰੱਖਣ ਵਾਲਾ ਬੰਦਾ ਸੀ ਜਿਸ ਨੇ ਰੇਠੇ ਦੇ ਦੋ ਰੁੱਖ ਹੋਰ ਲਾਏ ਜਿੰਨਾਂ ਦਾ ਫਲ ਵੀ ਮਿੱਠਾ ਹੈ। ਬਾਕੀ ਸਭ ਥਾਂਈ ਰੇਠਾ ਕੌੜਾ ਹੈ।

● Guru Nanak in History- J.S.Grewal -111

ਸੂਹੀ ਮਹਲਾ ੧ ਘਰੁ ੭ ੧ੴ ਸਤਿਗੁਰ ਪ੍ਰਸਾਦਿ ॥ ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥ ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥ ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥

ਗੁਰੂ ਸਾਹਿਬ ਨੇ ਇਸ ਪ੍ਰਕਾਰ ਜੋਗਮਤ ਦੇ ਸਾਰੇ ਸਿਧਾਂਤ ਦਾ ਖੰਡਨ ਕਰ ਦਿੱਤਾ। ਘਰ ਛੱਡ ਕੇ ਸਨਿਆਸ ਲੈ ਲੈਣਾ। ਸਰੀਰ ਤੇ ਸਵਾਹ ਮਲ ਲੈਣੀ। ਵੱਖ ਵੱਖ ਕਿਸਮ ਦੇ ਡੰਡ (ਆਸਣ) ਲਾਉਣੇ, ਸਿਰ ਮੁੰਨਾਉਣਾ, ਕੰਨ ਪੜਵਾਉਣੇ, ਉੱਚੀ ਉੱਚੀ ਸਿੰਙੀ ਜਾਂ ਸਿੰਗ ਦੀ ਬਣੀ ਤੁਰੀ ਵਜਾਉਣਾ, ਮੜੀਆਂ ਮਸਾਣਾਂ 'ਚ ਜਾ ਸਮਾਧੀਆਂ ਲਾਉਣਾ, 68 ਤੀਰਥ ਅਸਥਾਨ, ਦੇਸ ਪ੍ਰਦੇਸ ਭਰਮਣਾ ਸਭ ਵਿਅੱਰਥ ਹਨ। ਅਕਾਲ ਪੁਰਖ ਨਾਲ ਜੋਗ ਜਾਂ ਮੇਲ ਤੇ ਤਾਂ ਹੀ ਹੋਵੇਗਾ ਜੇ ਕਿਤੇ ਸੱਚਾ ਗੁਰੂ ਮਿਲ ਜਾਏ। ਫਿਰ ਤੁਹਾਨੂੰ ਭਟਕਣ ਦੀ ਜਰੂਰਤ ਨਹੀ ਰਹਿ ਜਾਏਗੀ ਘਰ ਬੈਠੇ ਹੀ ਨਿਰੰਜਨ ਮਾਲਕ ਦੇ ਦਰਸ਼ਨ ਹੋ ਜਾਣਗੇ। ਜਦੋਂ ਤੁਸੀ ਜੀਂਦੇ ਜੀ ਇਸ ਪਦਾਰਥਵਾਦੀ ਦੁਨੀਆ ਤੋਂ ਉਦਾਸ ਹੋਵੋਗੇ ਤਾਂ ਬਿਨਾਂ ਵਜਾਇਆਂ ਹੀ ਤੁਰੀ ਵੱਜੇਗੀ।

ਸਥਾਨਕ ਪਿਤਾ-ਪੁਰਖੀ ਰਵਾਇਤ ਮੁਤਾਬਿਕ ਏਸੇ ਹੀ ਇਲਾਕੇ ਵਿੱਚ ਗੁਰੂ ਸਾਹਿਬ ਨੇ ਲੋਕਾਂ ਤੇ ਦਿਆ ਕਰਕੇ ਪਾਣੀ ਦਾ ਸਰੋਤ ਵੀ ਚਾਲੂ ਕੀਤਾ। ਹੋਇਆ ਕੁਝ ਇਸ ਤਰਾਂ ਕਿ ਜੋਗੀਆਂ ਨੇ ਇਲਾਕੇ ਦੇ ਚੌਧਰੀਆਂ ਨੂੰ ਭੜਕਾਇਆ ਕਿ ਬਾਬੇ ਨੂੰ ਕਹੋ ਕਿ ਇਲਾਕੇ ਵਿੱਚ ਸੋਕਾ ਰਹਿੰਦਾ ਹੈ ਕਿਰਪਾ ਕਰਕੇ ਪਾਣੀ ਦੇ ਸਰੋਤ ਦੀ ਬਖਸ਼ਸ਼ ਕਰਨ। ਚੌਧਰੀਆਂ ਨੇ ਫਿਰ ਗੁਰੂ ਸਾਹਿਬ ਅਗੇ ਗੁਜਾਰਿਸ਼ ਕੀਤੀ ਕਿ ਇਲਾਕੇ ਦੇ ਲੋਕਾਂ ਤੇ ਤਰਸ ਕਰਦੇ ਹੋਏ ਪਾਣੀ ਦਾ ਕੋਈ ਸੋਮਾ ਪ੍ਰਗਟ ਹੋਵੇ।

ਇਹ ਸੁਣਕੇ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਮਰਦਾਨਿਆ ਫਲਾਨੀ ਪਹਾੜੀ ਹੇਠਾਂ ਜੋ ਦਿਓਹਾ ਚੋਅ ਹੈ ਓਥੋਂ ਲੈ ਕੇ ਨਾਲਦੇ ਛੱਪੜ ਤੱਕ ਕਹੀ ਧੂ ਕੇ ਲੈ ਆ। ਮਰਦਾਨੇ ਦੀ ਕਹੀ ਨੇ ਅਜਿਹੀ ਲਕੀਰ ਪਾਈ ਕਿ ਆਡ ਬਣ ਗਈ। ਕਰਨਾਂ ਕੁਦਰਤ ਦਾ, ਛੇਤੀ ਹੀ ਮੀਂਹ ਪੈ ਗਇਆ ਤੇ ਚੋਅ ਸਿੱਧਾ ਛੱਪੜ ਤੱਕ ਆ ਗਿਆ। ਛੱਪੜ ਝੀਲ ਬਣ ਗਈ। ਜੋਗੀਆਂ ਨੇ ਕਿਹਾ ਕਿ ਬਾਬਾ ਜੀ ਪਾਣੀ ਤਾਂ ਥੋੜਾ ਹਟਵਾ ਰਹਿ ਗਇਆ ਹੈ ਕਿਰਪਾ ਕਰਕੇ ਪਿੰਡ ਤੱਕ ਲਿਆਓ। ਗੁਰੂ ਸਾਹਿਬ ਨੇ ਕਿਹਾ ਕਿ ਦੂਰੋ ਪਾਣੀ ਅਸੀ ਲੈ ਆਂਦਾ ਹੈ ਬਾਕੀ ਪਿੰਡ ਤੱਕ ਹੁਣ ਤੁਸੀ ਪਹੁੰਚਾ ਦਿਓ। ਜੋਗੀਆਂ ਨੇ ਆਸਣ ਲਾ ਲਏ ਤੇ ਚਮਤਕਾਰ ਦੀ ਤਾਕ ਵਿੱਚ ਸਮਾਧੀ 'ਚ ਚਲੇ ਗਏ। ਕੁਝ ਦਿਨਾਂ ਬਾਦ ਹਾਰ ਕੇ ਗੁਰੂ ਸਾਹਿਬ ਦੀ ਚਰਨੀ ਲੱਗੇ।

ਇਥੇ ਨਾਨਕਮਤਾ ਸ਼ਹਿਰ ਲਾਗੇ ਬਾਉਲੀ ਸਾਹਿਬ ਨਾਂ ਦਾ ਅਸਥਾਨ ਗੁਰੂ ਸਾਹਿਬ ਦੇ ਏਸੇ ਚਮਤਕਾਰ ਦੀ ਯਾਦ ਦਿਵਾਉਂਦਾ ਹੈ।

ਜਨਮ ਸਾਖੀਆਂ ਅਤੇ ਪਿਤਾ ਪੁਰਖੀ ਰਵਾਇਤਾਂ ਵਿਚ ਗੁਰੂ ਸਾਹਿਬ ਦੇ ਹੋਰ ਵੀ ਕਈ ਕੌਤਕ ਦਰਜ ਨੇ। ਵਿਹਲੇ ਜੋਗੀ ਸ਼ੈਤਾਨੀਆਂ ਤਾਂ ਕਰਿਆ ਹੀ ਕਰਦੇ ਸਨ ਇਸ ਪ੍ਰਦੇਸੀ ਜੋਗੀ ਨਾਲ। ਇੱਕ ਵੇਰਾਂ ਕਹਿੰਦੇ ਕਿ ਮਰਦਾਨਾ ਜੋਗੀਆਂ ਦੀ ਧੂਣੀ ਤੋਂ ਅੱਗ ਲੈਣ ਗਇਆ ਤਾਂ ਜੋਗੀਆਂ ਨੇ ਅੱਗ ਦੇਣ ਤੋਂ ਨਾਹ ਕਰ ਦਿੱਤੀ। ਅਖੇ ਬਾਬੇ ਨਾਨਕ ਦਾ ਚੇਲਾ ਹੋ ਕੇ ਅੱਗ ਮੰਗਦੈ ਕਿ ਬਾਬੇ ਕੋਲ ਅੱਗ ਨਹੀ ਬਾਲੀ ਜਾਂਦੀ। ਆਪਣੇ ਡੇਰੇ ਆ ਕੇ ਫਿਰ ਗੁਰੂ ਸਾਹਿਬ ਦੇ ਹੁਕਮ ਮੁਤਾਬਿਕ ਮਰਦਾਨੇ ਨੇ ਦੋ ਲਕੜੀਆਂ ਰਗੜ ਕੇ ਅੱਗ ਬਾਲ ਲਈ। ਕਰਨੀ ਰੱਬ ਦੀ ਰਾਤ ਮੀਂਹ ਹਨੇਰੀ ਇਹੋ ਜਿਹੀ ਝੁੱਲੀ ਕਿ ਜੋਗੀਆਂ ਦੀ ਧੂਣੀ ਦੀ ਅੱਗ ਬੁੱਝ ਗਈ। ਓਨਾਂ ਜਮਾਨਿਆਂ 'ਚ ਅੱਗ ਬਾਲਣੀ ਕਿਹੜੀ ਸੌਖੀ ਹੁੰਦੀ ਸੀ। ਘੰਟਿਆਂ ਬੱਧੀ ਲਕੜਾਂ ਜਾਂ ਪੱਥਰਾਂ ਨੂੰ ਰਗੜਨਾ ਪੈਂਦਾ ਸੀ।

ਜਦੋਂ ਸਵੇਰੇ ਜੋਗੀ ਅੱਗ ਬਾਲਣ ਲਈ ਜੱਦੋਜਹਿਦ ਕਰ ਰਹੇ ਸਨ ਤਾਂ ਇੱਕ ਨੂੰ ਲਾਗੇ ਹੀ ਧੂੰਆ ਨਜਰ ਆਇਆ। ਦੇਖਦੇ ਨੇ ਕਿ ਬਾਬੇ ਨਾਨਕ ਦੇ ਡੇਰੇ ਤੋਂ ਧੂੰ ਨਿਕਲ ਰਿਹਾ ਹੈ। ਫਿਰ ਸ਼ਰਮੋ ਕਸ਼ਰਮੀ ਗਏ ਤੇ ਜਾ ਕੇ ਅੱਗ ਲਈ।

ਜਿਸ ਪਿੱਪਲ ਦੇ ਸੁੱਕ ਚੁੱਕੇ ਰੁੱਖ ਨੂੰ ਹਰਾ ਕੀਤਾ ਸੀ ਭਾਵ ਜਿਸ ਥੱਲੇ ਗੁਰੂ ਸਾਹਿਬ ਬਿਰਾਜੇ ਸਨ ਓਹਦੇ ਪੱਤੇ ਅੱਜ ਵੀ ਬਾਕੀ ਦੇ ਪਿੱਪਲਾਂ ਨਾਲੋ ਵਖਰੇ ਹਨ। ਹਰ ਪੱਤੇ ਤੇ ਨਿਸ਼ਾਨ ਹੁੰਦਾ ਹੈ। ਸਥਾਨਕ ਲੋਕ ਜਿੰਨਾਂ ਨੂੰ ਥਾਰੂ ਜਾਤੀ ਕਿਹਾ ਜਾਂਦਾ ਹੈ ਉਨਾਂ ਦਾ ਮੰਨਣਾ ਹੈ ਕਿ ਇਹ ਬਾਬੇ ਨਾਨਕ ਦੇ ਹੱਥ ਦਾ ਨਿਸ਼ਾਨ ਹੈ।

ਕਿਰਪਾਲ ਸਿੰਘ ਨੇ ਲਿਖਿਆ ਹੈ ਕਿ ਥਾਰੂ ਲੋਕ ਦੀਵਾਲੀ ਦੇ ਦਿਨਾਂ ਵਿੱਚ ਬਾਬੇ ਨਾਨਕ ਦੀ ਧੂਣੀ ਵਿੱਚੋਂ ਭਸਮ ਦੀ ਇੱਕ ਇਕ ਚੁਟਕੀ ਘਰ ਲੈ ਜਾਂਦੇ ਹਨ। ਇਨ੍ਹਾਂ ਲੋਕਾਂ ਦਾ ਜੈਕਾਰਾ ਹੁੰਦਾ ਹੈ 'ਪੰਜਾ ਸਾਹਿਬ ਕੀ ਜੈ ਹੋ'

## ਜਦੋਂ ਬਾਬਾ ਅਲਮਸਤ ਨੂੰ ਜੋਗੀਆਂ ਇਥੋਂ ਭਜਾ ਦਿਤਾ

▫ - ਇਸ ਜਗਾ ਪਹਿਲੀ ਪਾਤਸ਼ਾਹੀ ਜੀ ਇੱਕ ਪਿੱਪਲ ਹੇਠਾਂ ਬੈਠੇ ਸਨ ਤੇ ਪਾਸ ਹੀ ਇੱਕ ਖੂਹ ਸੀ ਜੋ ਕਿ ਅਜ ਤੱਕ ਦੋਨੋਂ ਚੀਜ਼ਾਂ ਕਾਇਮ ਹਨ ਤੇ ਦਰਸ਼ਨ ਹੁੰਦੇ ਹਨ। ਪਿੱਛੋਂ ਇੱਕ ਅਲਮਸਤ ਨਾਮ ਦਾ ਸੇਵਕ ਗੁਰੂ ਕੇ ਪਿੱਪਲ ਤੇ ਖੂਹ ਦੇ ਅਸਥਾਨ ਦੀ ਸੇਵਾ ਕਰਦਾ ਹੁੰਦਾ ਸੀ ਜੋ ਕਿ ਕੁਝ ਦੇਰ ਬਾਦ ਜੋਗੀਆਂ ਨੇ ਜੋਰਾ ਜਬਰੀ ਕਰਕੇ ਅਲਮਸਤ ਨੂੰ ਕੁੱਟ ਮਾਰ ਕੇ ਇਸ ਥਾਂ ਤੋਂ ਭਜਾ ਦਿੱਤਾ। ਪਿੱਪਲ ਦੇ ਤਣੇ ਦੁਆਲੇ ਲਕੜੀਆਂ ਲਾ ਕੇ ਅੱਗ ਲਾ ਪਿੱਪਲ ਸਾੜ ਦਿੱਤਾ।

ਅਲਮਸਤ ਨੇ ਗੁਰੂ ਜੀ ਨੂੰ ਯਾਦ ਕੀਤਾ ਤੇ ਕੁਝ ਚਿਰ ਬਾਦ ਗੁਰੂ ਹਰਗੋਬਿੰਦ ਸਾਹਿਬ ਇਸ ਥਾਂ ਪਹੁੰਚੇ। ਗੁਰੂ ਸਾਹਿਬ ਦੇ ਇਧਰ ਆਉਣ ਦੀ ਖਬਰ ਜੋਗੀਆਂ ਨੂੰ ਲੱਗ ਗਈ। ਓਨਾਂ ਟੋਆ ਪੁੱਟ ਕੇ ਇੱਕ ਜੋਗੀ ਨੂੰ ਵਿੱਚ ਬੈਠਾ ਦਿੱਤਾ। ਗੁਰੂ ਸਾਹਿਬ ਦੇ ਆਉਣ ਦਾ ਜੋਗੀਆਂ ਉਂਜ ਉਤੋਂ ਉਤੋਂ ਸਵਾਗਤ ਕੀਤਾ। ਜਦੋਂ ਮਸਲਾ ਨਾਨਕਮਤੇ ਦੀ ਮਾਲਕੀ ਦਾ ਉਠਿਆ ਤਾਂ ਜੋਗੀਆਂ ਕਿਹਾ ਕਿ

ਇਹ ਡੇਰਾ ਸਾਡਾ ਹੈ, ਜਿੱਥੇ ਗੁਰੂ ਨਾਨਕ ਸਾਹਿਬ ਆਏ। ਬਾਬਾ ਅਲਮਸਤ ਨੇ ਕਿਹਾ ਕਿ ਇਹ ਜੋਗੀਆਂ ਦੀ ਜ਼ਿਆਦਤੀ ਹੈ ਕਿਉਂਕਿ ਜੋਗੀਆਂ ਦੇ ਡੇਰੇ ਤੋਂ ਹਟਵੇ ਗੁਰੂ ਸਾਹਿਬ ਪਿੱਪਲ ਹੇਠ ਬਿਰਾਜੇ ਸਨ ਜੋ ਨਿਸ਼ਾਨੀ ਜੋਗੀਆਂ ਨੇ ਸਾੜ ਦਿੱਤੀ ਹੈ। ਬਾਬਾ ਅਲਮਸਤ ਨੇ ਦਿਖਾਇਆ ਕਿ ਵੇਖੋ ਅੱਜ ਵੀ ਪਿੱਪਲ ਦਾ ਤਣਾ ਮੌਜੂਦ ਹੈ।

ਗੁਰੂ ਸਾਹਿਬ ਨੇ ਜੋਗੀਆਂ ਨੂੰ ਕਿਹਾ ਕਿ ਹੁਣ ਤੁਸੀ ਦੱਸੋ ਤੁਹਾਡੇ ਕੋਲ ਕੀ ਸਬੂਤ ਹੈ ਕਿ ਇਹ ਥਾਂ ਤੁਹਾਡੀ ਹੈ। ਜੋਗੀਆਂ ਨੇ ਕਿਹਾ ਕਿ ਸਾਡਾ ਸਬੂਤ ਧਰਤੀ ਮਾਤਾ ਹੈ। ਧਰਤੀ ਮਾਤਾ ਬੋਲ ਕੇ ਦੱਸੇਗੀ ਕਿ ਇਹ ਥਾਂ ਗੋਰਖਪੰਥੀ ਜੋਗੀਆਂ ਦੀ ਹੈ। ਜੋਗੀਆਂ ਦੇ ਮਹੰਤ ਨੇ ਉੱਚੀ ਸਾਰੀ ਅਵਾਜ ਮਾਰੀ ਕਿ "ਐਂ ਮਾਤੀ ਬਤਾਈਏ ਕਿ ਯਹ ਜਗ੍ਹਾ ਕਿਸ ਕੀ ਹੈ?" ਧਰਤੀ ਵਿੱਚੋਂ ਅਵਾਜ ਆਈ, "ਇਹ ਪਵਿਤ੍ਰ ਅਸਥਾਨ ਭਗਵਾਨ ਗੋਰਖ ਨਾਥ ਕੀ ਹੈ।"

ਸਿੱਖਾਂ ਨੇ ਦੁਹਾਈ ਦੇ ਦਿੱਤੀ ਕਿ ਇਹ ਧਰਤੀ ਮਾਂ ਦੀ ਅਵਾਜ ਨਹੀ ਇਹ ਤਾਂ ਕੋਈ ਮਰਦਾਨਾ ਅਵਾਜ ਹੈ। ਚਲਾਕੀ ਹੈ। ਜਿਥੋਂ ਅਵਾਜ ਆਈ ਸੀ ਸਿੱਖ ਉਹ ਥਾਂ ਪਛਾਣ ਗਏ ਕਿਉਂਕਿ ਉਤੇ ਘਾਹ ਫੂਸ ਤੇ ਤਾਜੀ ਤਾਜੀ ਮਿੱਟੀ ਪੁੱਟੀ ਦਿਸ ਰਹੀ ਸੀ। ਗੁਰੂ ਸਾਹਿਬ ਦੇ ਨਿਹੰਗਾਂ ਨੇ ਝੱਟ ਉਸ ਥਾਂ ਤੋਂ ਇੱਕ ਜੋਗੀ ਨੂੰ ਕੰਨੋਂ ਫੜ੍ਹ ਬਾਹਰ ਕੱਢ ਲਿਆ। ਨਿਹੰਗਾਂ ਦੀ ਫੌਜ ਵੇਖ ਜੋਗੀ ਡਰ ਗਇਆ ਤੇ ਉਸ ਨੇ ਸਾਰੀ ਗੱਲ ਕਹਿ ਦਿੱਤੀ ਕਿ ਮੈਨੂੰ ਮਹੰਤ ਜੀ ਨੇ ਹੀ ਟੋਏ ਵਿੱਚ ਲੁੱਕਣ ਲਈ ਕਿਹਾ ਸੀ।

ਸ਼ਰਮਿੰਦੇ ਹੋਏ ਮਹੰਤ ਨੂੰ ਜਵਾਬ ਨਹੀ ਸੀ ਔੜ ਰਿਹਾ। ਇਸ ਪ੍ਰਕਾਰ ਝੂਠੇ ਪੈ ਗਏ ਜੋਗੀਆਂ ਗੁਰੂ ਜੀ ਦੇ ਨਾਲ ਨਿਹੰਗਾਂ ਸਿੰਘਾਂ ਦੀ ਫੌਜ ਵੇਖਦੇ ਹੋਏ ਓਥੋਂ ਤਿੱਤਰ ਹੋਣਾ ਹੀ ਬਿਹਤ੍ਰ ਸਮਝਿਆ। ਗੁਰੂ ਸਾਹਿਬ ਨੇ ਉਸ ਪਿੱਪਲ ਤੇ ਫਿਰ ਜਲ ਦਾ ਛਿੱਟਾ ਦਿੱਤਾ। ਛੇਤੀ ਹੀ ਪਿੱਪਲ ਫਿਰ ਹਰਾ ਭਰਾ ਹੋ ਗਿਆ। ਅੱਜ ਹਰ ਪੱਤੇ ਤੇ ਛਿੱਟੇ ਦਾ ਨਿਸ਼ਾਨ ਹੁੰਦਾ ਹੈ। ਕੋਈ ਪੱਤਾ ਛਿੱਟੇ ਦੇ ਬਗੈਰ ਨਹੀ ਹੁੰਦਾ। ਗੁਰਸਿੱਖ ਇਹਨੂੰ ਗੁਰੂ ਸਾਹਿਬ ਦੀ ਕਰਾਮਾਤ ਮੰਨਦੇ ਹਨ।

ਇਸ ਇਲਾਕੇ ਵਿੱਚ ਦੂਰ ਦੂਰ ਤੱਕ ਸਿੱਖੀ ਫੈਲੀ ਹੋਈ ਸੀ। ਇਸ ਸਭ ਦਾ ਸਿਹਰਾ ਬਾਬਾ ਅਲਮਸਤ• ਨੂੰ ਜਾਂਦਾ ਹੈ। ਇਹ ਨਿਰਸੰਦੇਹ ਸਾਬਤ ਹੋ ਜਾਂਦਾ ਹੈ ਕਿ ਸਿੱਖੀ ਜਿੰਨਾਂ ਚਿਰ ਮਸੰਦਾਂ/ਮਹੰਤਾਂ ਦੇ ਤਹਿਤ ਸੀ ਪ੍ਰਫੁਲਤ ਹੋ ਰਹੀ ਸੀ। ਜਦੋਂ ਦੀਆਂ ਕਮੇਟੀਆਂ ਬਣੀਆਂ ਹਨ ਗੁਰਦੁਆਰਿਆ ਵਿੱਚੋਂ ਸ਼ਰਧਾ ਮੁੱਕ ਗਈ ਹੈ। ਤੀਰਥ ਯਾਤਰੀ ਨੇ ਨਾਨਕਮਤੇ ਦੇ ਮਹੰਤਾਂ ਦੇ ਨਾਂ ਇਸ



ਗੁਰਦੁਆਰਾ ਨਨਕਾਣਾ ਸਾਹਿਬ ਕਾਂਸ਼ੀਪੁਰ

ਪ੍ਰਕਾਰ ਦਿੱਤੇ ਹਨ: 1. ਬਾਬਾ ਅਲਮਸਤ, 2. ਬਾਬਾ ਮਿੱਠਾ, 3. ਬਾਬਾ ਮੱਕੂ, 4. ਬਾਬਾ ਨਿਮਾਣਾ, 5. ਬਾਬਾ ਗੁਰਦਾਸ (ਦੱਖਣੀ ਸਿੱਖ) 6. ਬਾਬਾ ਗਰੀਬ ਦਾਸ, 7. ਬਾਬਾ ਧਨੀ ਰਾਮ, 8. ਬਾਬਾ ਜੈਦੋ ਰਾਇ, 9. ਬਾਬਾ ਮਾਇਆ ਰਾਮ, 10. ਬਾਬਾ ਗੁਰਮੁਖ ਦਾਸ, 11. ਬਾਬਾ ਰਤਨ ਦਾਸ, 12. ਮੇਲਾ ਰਾਮ, 13. ਬਾਬਾ ਕਰਨ ਦਾਸ, 14. ਬਾਬਾ ਰਾਮਦਾਸ, 15. ਬਾਬਾ ਸੰਤ ਦਾਸ, 16. ਬਾਬਾ ਅਤਰ ਦਾਸ, 17. ਬਾਬਾ ਬਹਿਰਾਮ ਦਾਸ, 18. ਬਾਬਾ ਪ੍ਰੇਮ ਦਾਸ, 19. ਬਾਬਾ ਰਾਮਦਾਸ ਜੀ।

ਯਾਤਰੀ ਨੇ ਲਿਖਿਆ ਹੈ ਕਿ ਮੌਜੂਦਾ ਮਹੰਤ ਤੇ ਗੁਰਦੁਆਰੇ ਦੇ ਪੈਸੇ ਦੀ ਤਾਕਤ ਤੇ ਨਿੱਜੀ ਜਾਇਦਾਦ ਖੂਬ ਬਣਾ ਲਈ ਹੈ। ਦੋ ਪਿੰਡ ਹੀ ਖਰੀਦ ਲਏ ਨੇ।

ਸਾਈਕਲ ਯਾਤਰੀ ਨੇ ਅਕਤੂਬਰ 1932 ਦੀ ਦੀਵਾਲੀ ਦਾ ਮੇਲਾ ਖੁੱਦ ਵੇਖਿਆ ਜਦੋਂ ਦੂਰੋ ਨੇੜਿਓ ਬਣ੍ਹੀਏ ਮਸੰਦ ਦਸਵੰਦ ਲੈ ਕੇ ਗੁਰਦੁਆਰਾ ਸਾਹਿਬ ਦੇ ਮਹੰਤ ਦੇ ਪੇਸ਼ ਹੋਏ ਸਨ: ਕੋਈ 5 ਰੁਪਏ ਤੇ ਕੋਈ 25 ਰੁਪਏ ਤੇ ਕਿਤੇ ਵਿਰਲਾ ਕੋਈ 50 ਰੁਪਏ ਵੀ। ਯਾਤਰੀ ਨੇ ਓਨਾਂ ਬਣ੍ਹੀਆ ਮਸੰਦਾਂ ਵਿੱਚੋਂ ਕੁਝ 18 ਕੁ ਦੇ ਨਾਂ ਵੀ ਦਿੱਤੇ ਹਨ।

----◈-----

## ਕਾਸ਼ੀਪੁਰ ਦੇ ਵਸਨੀਕਾਂ ਨੂੰ ਚੋਆਂ ਦੀ ਮਾਰ ਤੋਂ ਬਚਾਇਆ

ਟਾਂਡੇ ਤੋਂ 22 ਕਿ.ਮੀ. ਦੱਖਣ ਸ਼ਹਿਰ ਕਾਸ਼ੀਪੁਰ ਹੈ। ਇਸ ਸ਼ਹਿਰ ਦੀ ਹੋਂਦ ਹੀ ਗੁਰੂ ਨਾਨਕ ਸਾਹਿਬ ਕਰਕੇ ਹੈ। ਗਲ ਇਸ ਤਰਾਂ ਹੈ ਕਿ ਜਿਥੇ ਇਹ ਸ਼ਹਿਰ ਪਹਿਲਾ ਵਾਕਿਆ ਸੀ ਉਹ ਹਰ ਸਾਲ ਹੀ ਹੜ੍ਹਾਂ ਦੀ ਮਾਰ ਹੇਠ ਆ ਜਾਂਦਾ ਸੀ। ਧਿਆਨ ਰਹੇ ਕਾਂਸ਼ੀ ਪੁਰ

ਪੈੜ ਸਫ਼ਾ

• **ਬਾਬਾ ਅਲਮਸਤ** (1553-1643 ਈ.) ਇਹ ਕਸ਼ਮੀਰ ਦੇ ਬ੍ਰਾਹਮਣ ਸਿੱਖ ਪ੍ਰਵਾਰ ਵਿੱਚੋਂ ਸੀ: ਪਿਤਾ ਹਰਦਿੱਤ ਅਤੇ ਮਾਤਾ ਪ੍ਰਭਾ। ਇਹ ਬਾਬਾ ਸ੍ਰੀਚੰਦ ਦੀ ਪ੍ਰੇਰਨਾਂ ਸਦਕਾ ਸਿੱਖੀ ਦਾ ਪ੍ਰਚਾਰਕ ਬਣਿਆ। ਜਿਸ ਨੇ ਯੂ ਪੀ, ਬਿਹਾਰ, ਬੰਗਾਲ, ਅਸਾਮ ਅਤੇ ਓੜੀਸਾ ਤੱਕ ਗੁਰੂ ਨਾਨਕ ਦਾ ਪ੍ਰਚਾਰ ਕੀਤਾ।

ਇਨਾਂ ਦਾ ਬਚਪਨ ਦਾ ਨਾਂ ਅੱਲੂ ਸੀ। ਸਿੱਖੀ ਦੀ ਅਨੰਦ ਵਾਲੀ ਅਵਸਥਾ ਵਿੱਚ ਰਹਿਣ ਕਰਕੇ ਇਨਾਂ ਦਾ ਨਾਂ ਅਲਮਸਤ ਪੈ ਗਿਆ। ਇਨਾਂ ਨੂੰ ਕਮਲੀਆ ਜਾਂ ਗੋਦੜੀਆ ਵੀ ਕਿਹਾ ਜਾਂਦਾ ਸੀ। ਕਿਉਂਕਿ ਇਹ ਕੰਬਲ ਜਾਂ ਗੋਦੜੀ ਲਵੇਟੇ ਰਹਿੰਦੇ ਸਨ।

1574 ਈ. ਵਿੱਚ ਇਸ ਨੇ ਕਰਤਾਰਪੁਰ ਆ ਕੇ ਸੇਵਾ ਅਰੰਭ ਦਿੱਤੀ। ਬਾਦ ਵਿੱਚ ਬਾਬਾ ਗੁਰਦਿੱਤਾ ਜੀ ਨੇ ਇਨੂੰ ਪੂਰਬ ਵਲ ਪ੍ਰਚਾਰ ਕਰਨ ਲਈ ਭੇਜ ਦਿੱਤਾ। ਇਹ ਨਾਨਕਮਤਾ ਹੀ ਸਮਾਏ ਸਨ।

ਇਹਨਾਂ ਦਾ ਭਰਾ : ਬਾਲੂ ਹਸਨਾ ਵੀ ਸਿੱਖੀ ਦਾ ਵੱਡਾ ਪ੍ਰਚਾਰਕ ਹੋਇਆ ਹੈ।

----◈-----

⊙ ਪੁਰਾਤਨ-63, ਮਨੀ- 379, ਜਵਾਹਰ- 250, ਕਿਰਪਾਲ -37,

▫ ਸਾਈਕਲ ਯਾਤਰੀ -148 ਨਾਲੇ ਦੇਖੋ ਸਫਾ 593, 597

ਬਾਉਲੀ ਸਾਹਿਬ ਨਾਨਕਮਤਾ:-
https://www.thesikhencyclopedia.com



ਬੀ:40-133 ਵਿਚ ਸਾਖੀਕਾਰ ਨੇ ਚੋਅ ਦੀ ਥਾਂ ਸਮੁੰਦਰ ਲਿਖਿਐ

ਐਨ ਪਹਾੜਾਂ ਦੇ ਪੈਰਾਂ ਵਿਚ ਵਾਕਿਆ ਹੈ। ਦੁਆਲੇ ਦੋ ਚੋਅ ਜਾਂ ਪਹਾੜੀ ਬਰਸਾਤੀ ਦਰਿਆ ਹਨ। ਜਿਹੜੇ ਲੋਕ ਚੋਆਂ ਦੇ ਆਸ ਪਾਸ ਰਹਿੰਦੇ ਹਨ ਓਨਾਂ ਨੂੰ ਪਤਾ ਹੈ ਕਿ ਕਿਸੇ ਵੇਲੇ ਇਹ ਕਿੰਨੇ ਖਤਰਨਾਕ ਹੋ ਸਕਦੇ ਹਨ ਕਿਉਂਕਿ ਪਹਾੜਾਂ ਤੋਂ ਪਾਣੀ ਬੜੀ ਗਤੀ ਨਾਲ ਹੇਠਾਂ ਆਉਂਦਾ ਹੈ।

ਕੁਦਰਤੀ ਗਲ, ਕੁਝ ਇਸ  ਤਰਾਂ ਬਣੀ ਕਿ ਜਦੋਂ ਗੁਰੂ ਸਾਹਿਬ ਇਸ ਕਸਬੇ ਵਿਚ ਪਹੁੰਚੇ ਤਾਂ ਬਰਸਾਤੀ ਮੌਸਮ ਸ਼ੁਰੂ ਹੋਣ ਵਾਲਾ ਸੀ। ਲੋਕ ਪਹਿਲਾਂ ਹੀ ਹੜ੍ਹਾਂ ਤੋਂ ਸੁਚੇਤ ਰਹਿੰਦੇ ਸਨ ਤੇ ਬਰਸਾਤ ਦੇ ਆਉਣ ਤੋ ਪਹਿਲਾਂ ਪਹਿਲਾਂ ਕਿਸੇ ਦੂਸਰੇ ਇਲਾਕੇ ਵਿਚ ਚਲੇ ਜਾਂਦੇ ਸਨ। ਜਮੀਨ ਜਰਖੇਜ਼ ਹੋਣ ਕਰਕੇ ਉਨਾਂ ਨੂੰ ਵਾਪਸ ਵੀ ਪਰਤਣਾ ਪੈਂਦਾ ਸੀ। ਜਦੋਂ ਗੁਰੂ ਸਾਹਿਬ ਇਸ ਸ਼ਹਿਰ ਆਏ ਤਾਂ ਲੋਕ ਇਥੋਂ ਜਾਣ ਦੀ ਤਿਆਰੀ ਕਰ ਰਹੇ ਸਨ। ਵਾਹੋ ਦਾਹੀ



ਚੰਪਾਵਤ ਦਾ ਬਲੇਸ਼ਵਰ ਮਹਾਦੇਵ ਮੰਦਰ। ਇਸ ਦੇ ਲਾਗੇ ਹੀ ਦੁਰਗਾ ਮੰਦਰ ਹੈ। ਜਿਥੇ ਬਲੀ ਦਿੱਤੀ ਜਾਂਦੀ ਸੀ। ਕੁਦਰਤੀ ਹੈ ਗੁਰੂ ਸਾਹਿਬ ਇਸ ਮੰਦਰ ਵਿਚ ਵੀ ਪਧਾਰੇ ਸਨ।

ਗੱਡਿਆਂ ਤੇ ਸਮਾਨ ਲੱਦਿਆ ਜਾ ਰਿਹਾ ਸੀ।

ਗੁਰੂ ਸਾਹਿਬ ਨੇ ਜਦੋਂ ਪੁੱਛਿਆ ਤਾਂ ਵਸਨੀਕਾਂ ਨੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ।

ਉਦੋਂ ਤਕ ਗੁਰੂ ਸਾਹਿਬ ਦੀ ਮਸ਼ਹੂਰੀ ਪੂਰੀ ਤਰਾਈ ਅਤੇ ਗੜ੍ਹਵਾਲ ਵਿਚ ਹੋ ਚੁੱਕੀ ਸੀ। ਗੁਰੂ ਸਾਹਿਬ ਨੇ ਲੋਕਾਈ ਨੂੰ ਉਪਦੇਸ ਦਿੱਤਾ ਕਿ ਆਓ ਸਾਰੇ ਰਲ ਮਿਲ ਕੇ ਸ੍ਰਿਸਟੀ ਦੇ ਮਾਲਕ ਅਕਾਲ ਪੁਰਖ ਅੱਗੇ ਅਰਦਾਸ ਕਰੀਏ। ਨਾਲ ਹੀ ਗੁਰੂ ਸਾਹਿਬ ਨੇ ਲੋਕਾਂ ਨੂੰ ਕਿਹਾ ਕਿ ਚੋਆਂ ਤੋਂ ਹਟਵੇਂ ਘਰ ਬਣਾਉਣ ਦੇ ਬਿਜਾਏ ਦੋਵਾਂ ਦੇ ਦਰਮਿਆਨ ਤੁਸੀ ਆਪਣਾ ਵਸੇਬਾ ਕਰ ਲਓ। ਲੋਕਾਂ ਨੇ ਓਸੇ ਤਰਾਂ ਉਪਦੇਸ਼ ਦੀ ਪਾਲਣਾ ਕੀਤੀ। ਹਿਜਰਤ ਤਿਆਗ ਕੇ ਓਥੇ ਹੀ ਬਹਿ ਗਏ ਜਿਥੇ ਗੁਰੂ ਸਾਹਿਬ ਨੇ ਕਿਹਾ ਸੀ।

ਗੁਰੂ ਸਾਹਿਬ ਦੀ ਅਰਦਾਸ ਨੇ ਚਮਤਕਾਰ ਕਰ ਦਿਤਾ। ਉਸ ਇਲਾਕੇ ਵਿਚ ਚੋਅ ਕਦੀ ਮਾਰ ਨਹੀ ਕਰ ਸਕੇ ਜਿਥੇ ਗੁਰੂ ਸਾਹਿਬ ਨੇ ਵਸਣ ਲਈ ਉਪਦੇਸ਼ ਕੀਤਾ ਸੀ। ਅੱਜ ਕਾਂਸ਼ੀਪੁਰ ਸ਼ਹਿਰ ਉੱਤਰਾਖੰਡ ਦੇ ਘਣੀ ਅਬਾਦੀ ਵਾਲੇ ਸ਼ਹਿਰਾਂ ਵਿਚੋਂ ਹੈ।

ਜਿਸ ਥਾਂ ਗੁਰੂ ਸਾਹਿਬ ਬਿਰਾਜੇ ਸਨ ਉਥੇ ਅੱਜ ਬਹੁਤ ਹੀ ਖੂਬਸੂਰਤ ਗੁਰਦੁਆਰਾ ਨਨਕਾਣਾ ਸਾਹਿਬ ਮੌਜੂਦ ਹੈ।

----◆-----

## ਚੰਪਾਵਤ ਦੇ ਰਾਜੇ ਪਰਤਾਪ ਚੰਦ ਨੂੰ ਮਨੁੱਖੀ ਬਲੀ ਦੇਣ ਦੇ ਜਾਲਮਾਨਾ ਕਰਮ ਤੋਂ ਮਨਾਂ ਕੀਤਾ

ਬਦਰੀਨਾਥ ਵੀ ਗੁਰੂ ਜੀ ਪਧਾਰੇ ਸਨ। ਉਥੇ ਵੀ ਉਨਾਂ ਦੇ ਨਾਂ ਦੀ ਧਰਮਸਾਲਾ ਹੋਣ ਦਾ ਜਿਕਰ ਕਈ ਥਾਂਈ ਮਿਲਦਾ ਹੈ।● ਬਦਰੀਨਾਥ, ਕੇਦਾਰ ਨਾਥ ਤੋਂ ਹੇਠਾਂ ਆਉਦਿਆਂ ਇਕ ਥਾ ਮਰਦਾਨਾ ਰਾਜੇ ਦੇ ਕਰਿੰਦਿਆਂ ਦੇ ਕਾਬੂ ਆ ਗਇਆ। ਇਹ ਕਰਿੰਦੇ ਕਿਸੇ ਅਜਿਹੇ ਇਨਸਾਨ ਦੀ ਭਾਲ ਵਿਚ ਸਨ ਜਿਸ ਦੀ ਬਲੀ ਦੇਵੀ ਦੇ ਮੰਦਰ ਵਿਚ ਦਿੱਤੀ ਜਾ ਸਕੇ। ਗੁਰੂ ਸਾਹਿਬ ਨੇ ਵਕਤ ਤੇ ਪਹੁੰਚ ਕੇ ਮਰਦਾਨੇ ਦੀ ਜਾਨ ਬਚਾਈ ਅਤੇ ਰਾਜੇ ਪਰਤਾਪ ਚੰਦ ਨੂੰ ਮਨੁੱਖੀ ਬਲੀ ਦੇਣ ਦੇ ਕਾਲੇ ਕਾਰਨਾਮੇ ਤੋਂ ਵਰਜਿਆ। ਰਾਜੇ ਨੇ ਇਸ ਘਿਨਾਉਣੀ ਪ੍ਰਥਾ ਨੂੰ ਬੰਦ ਕਰਨ ਲਈ ਅੱਗੇ ਵਾਸਤੇ ਤੋਬਾ ਕੀਤੀ। ◘

ਇਸ ਰਾਜੇ ਦੇ ਪੱਤਰ ਨੇ ਬਾਦ ਵਿਚ ਰਾਜਧਾਨੀ ਅਲਮੋੜੇ ਬਣਾ ਲਈ ਸੀ ਜਿਸ ਕਰਕੇ ਕਈ ਲਿਖਾਰੀਆਂ ਇਹ ਬਲੀ ਵਾਲੀ ਸਾਖੀ ਅਲਮੋੜੇ ਹੋਣੀ ਲਿਖ ਦਿੱਤੀ ਹੈ। ਅਲਮੋੜਾ 1565 ਵਿਚ ਸਥਾਪਤ ਕੀਤਾ ਗਇਆ ਸੀ।

ਪੈੜ ਸਫਾ

● ਕੋਹਲੀ। ਅਤੇ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ- ਪ੍ਰੋ, ਸਾਹਿਬ ਸਿੰਘ -56 ।

ਤਾਰਾ ਸਿੰਘ ਨਰੋਤਮ ਪੀਪੀਪੀ-73 ਨੇ ਕੋਟਦਵਾਰ ਵਿਖੇ ਗੁਰੂ ਸਾਹਿਬ ਦੀ ਚਰਨਪਾਦੁਕਾ ਦਾ ਹੋਣਾ ਲਿਖਿਆ ਹੈ। ਪਰ ਇੰਟਰਨੈਟ ਤੋਂ ਸਾਨੂੰ ਕੋਈ ਅਜਿਹਾ ਅਸਥਾਨ ਨਹੀ ਮਿਲ ਪਾਇਆ। ਉਂਜ ਉਥੇ ਗੁਰੂ ਨਾਨਕ ਸਿੰਘ ਸਭਾ ਨਾਂ ਦਾ ਗੁਰਦੁਆਰਾ ਸਾਹਿਬ ਤਾਂ ਮੌਜੂਦ ਹੈ। ਓਧਰ ਸਾਈਕਲ ਯਾਤਰੀ-149 ਨੇ ਤਾਂ ਲਿਖਿਆ ਹੈ ਕਿ ਪੁੱਛ ਗਿੱਛ ਕਰਨ ਤੇ ਪਤਾ ਲੱਗਾ ਕਿ ਸ਼ਹਿਰ ਕੋਟਦਵਾਰਾ ਵਿਖੇ ਗੁਰੂ ਨਾਨਕ ਸਾਹਿਬ ਦਾ ਕੋਈ ਗੁਰਦੁਆਰਾ ਨਹੀ ਹੈ।



ਗੁਰਦੁਆਰਾ ਗੁਰੂ ਨਾਨਕ ਬਾਗ ਹਲਦੌਰ

ਯਾਦ ਰਹੇ ਚੰਪਾਵਤ ਨਗਰੀ ਅਲਮੋੜੇ ਤੋਂ ਨੱਕ ਦੀ ਸੇਧ 52 ਕਿ. ਮੀ. ਪੂਰਬ ਵਿਚ ਪਹਾੜਾਂ ਵਿਚ ਪੈਂਦੀ ਹੈ। ----◆-----

## 'ਬਾਬੇ ਨਾਨਕ ਕੀ ਧੇੜੀ' ਹਲਦੌਰ

ਮੇਰਠ ਤੋਂ ਗੁਰੂ ਸਾਹਿਬ ਬਿਜਨੌਰ ਹੁੰਦੇ ਹੋਏ ਹਲਦੌਰ ਗਏ। ਇਥੇ ਗੁਰੂ ਸਾਹਿਬ ਦਾ ਮੰਜੀ ਸਾਹਿਬ (ਥੜਾ) ਮੌਜੂਦ ਹੈ ਜਿਸ ਨੂੰ ਸਥਾਨਕ ਲੋਕ 'ਬਾਬੇ ਨਾਨਕ ਕੀ ਧੇੜੀ' ਕਹਿੰਦੇ ਹਨ। ਇਸ ਲਿਖਾਰੀ ਨੇ ਮੰਜੀ ਸਾਹਿਬ ਦੀ ਤਸਵੀਰ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸਥਾਨਕ ਲੋਕਾਂ ਨਾਲ ਸੰਪਰਕ ਹੋਣ ਦੇ ਬਾਵਜੂਦ ਉਨਾਂ ਸਹਿਯੋਗ ਨਹੀ ਦਿੱਤਾ। ਗੁਰਦੁਆਰਾ ਸਾਹਿਬ ਦੀ ਤਸਵੀਰ ਗੂਗਲ ਤੋਂ ਹਾਸਲ ਕੀਤੀ ਹੈ। ਗੁਰਦੁਆਰਾ ਸਾਹਿਬ ਦਾ ਨਾਂ ਗੁਰੂ ਨਾਨਕ ਬਾਗ ਹੈ। ਕੁਦਰਤੀ ਹੈ ਕਿ ਸਾਹਿਬ ਇਥੇ ਕਿਸੇ ਬਗੀਚੇ ਵਿਚ ਆ ਕੇ ਠਹਿਰੇ ਸਨ।

----◆-----

## ਅਸਲੀ ਰਤਨ ਤਾਂ ਨਾਮ ਹੈ -ਰਤਨ ਰਾਇ ਨੂੰ+

ਮੁਰਾਦਾਬਾਦ ਰੇਲਵੇ ਸਟੇਸ਼ਨ ਤੋਂ ਨੱਕ ਦੀ ਸੇਧ ਤੇ ਪੌਣੇ ਛੇ ਕਿ.ਮੀ ਦੱਖਣ- ਪੱਛਮ ਵਿਚ ਬਸਤੀ ਹੈ ਗਜਗੋਲਾ ਨਾਨਕਵਾੜੀ। ਬਸਤੀ ਤਾਂ ਬੇਚਰਾਗ (ਬੇਅਬਾਦ) ਹੈ ਪਰ ਰੈਵੇਨਿਊ ਰਿਕਾਰਡਜ਼ ਵਿਚ ਬਕਾਇਦਾ ਬੋਲਦੀ ਹੈ। ਲਾਗੇ ਹੀ ਪਿੰਡ 'ਗੱਨੌਰ ਦਇਆ ਮਾਫੀ' ਹੈ। ਇਸ ਪਿੰਡ ਦੇ ਲਾਗੋਂ ਦੀ ਹੀ ਅੱਜ ਕਲ੍ਹ ਬਾਈਪਾਸ ਲੰਘਦਾ ਹੈ। ਇਥੇ ਹੀ ਗੁਰੂ ਨਾਨਕ ਸਾਹਿਬ ਦਾ ਆਉਣਾ ਹੋਇਆ ਸੀ ਅਤੇ ਬਾਗ ਵਿਚ ਡੇਰਾ ਕੀਤਾ ਸੀ। ਓਦੋਂ ਅਜੇ ਮੁਰਾਦਾਬਾਦ ਸ਼ਹਿਰ ਦੀ ਨੀਂਹ ਨਹੀ ਸੀ ਪਈ। ਗਜਗੋਲਾ ਨਾਨਕਵਾੜੀ ਵਿਖੇ ਹੀ ਪੁਰਾਤਨ ਛੋਟੀ ਇੱਟ ਦਾ ਬਣਿਆ ਹੋਇਆ ਉਦਾਸੀ ਡੇਰਾ ਹੈ। (ਗੂਗਲ ਮੈਪ-28.795947,78.718874)

ਇਲਾਕੇ ਵਿਚ ਜਦੋਂ ਸਾਹਿਬ ਨਾਮ ਦੇ ਸਿਧਾਂਤ ਦਾ ਪ੍ਰਚਾਰ ਕਰ ਰਹੇ ਸਨ ਤਾਂ ਇਥੇ ਹੀ ਗੁਰੂ ਸਾਹਿਬ ਦੀ ਸ਼ਰਨ ਵਿਚ ਇਕ ਰਤਨ ਰਾਇ ਨਾਂ ਦਾ ਰਾਜਾ ਆਇਆ ਸੀ ਜਿਸ ਦੇ ਉਲਾਦ ਨਹੀ ਸੀ। ਗੁਰੂ ਸਾਹਿਬ ਦੀ ਬਖਸ਼ਸ਼ ਸਦਕਾ ਉਹਦੀ ਪੀੜੀ ਚਲੀ। ਨਾਨਕਵਾੜੀ ਤੋਂ ਢਾਈ ਕਿ.ਮੀ. ਪੱਛਮ ਵਿਚ ਬਕਾਇਦਾ ਰਤਨਪੁਰ ਨਾਂ ਦਾ ਪੁਰਾਣਾ ਕਸਬਾ ਹੈ। ਕੁਦਰਤੀ ਹੈ ਕਿ ਇਹ ਪਿੰਡ ਉਸੇ ਰਾਜੇ ਦੇ ਨਾਂ ਤੇ ਹੈ।

ਵਕਤ ਪਾ ਕੇ ਬਾਬਾ ਸ੍ਰੀ ਚੰਦ ਦੇ ਉਦਾਸੀ ਸਾਧੂਆਂ ਨੇ ਆ ਇਲਾਕੇ ਵਿਚ ਪ੍ਰਚਾਰ ਦਾ ਕੰਮ ਅਰੰਭਿਆ। ਹੋ ਸਕਦਾ ਖੁਦ ਸਾਹਿਬਜਾਦਾ ਸ੍ਰੀ ਚੰਦ ਵੀ ਇਥੇ ਆਏ ਹੋਣ। ਉਸ ਰਾਜੇ ਦੇ ਅੱਗੋ ਪੁੱਤਰ ਨੇ 600 ਏਕੜ ਜਮੀਨ ਨਾਨਕਵਾੜੀ ਆਸ਼ਰਮ ਨੂੰ ਦਾਨ ਕਰ ਦਿੱਤੀ। ਫਿਰ ਲਾਗੇ ਜਿਹੜਾ ਪਿੰਡ ਹੈ ਉਸ ਦੇ ਵੀ ਨਾਂ ਤੋਂ ਲਗਦਾ ਹੈ ਕਿ ਅੰਗਰੇਜਾਂ ਨੇ ਵੀ ਮਾਮਲੇ ਦੀ ਮਾਫੀ ਇਸ ਪਿੰਡ ਨੂੰ ਜਾਰੀ ਰੱਖੀ। ਪਤਾ ਲੱਗਾ ਹੈ ਕਿ ਬਹੁਤੀ ਜਮੀਨ ਤਾਂ ਉਦਾਸੀ ਸਾਧੂਆ ਨੇ ਵੇਚ ਖਾਧੀ ਹੈ ਪਰ ਅੱਜ ਵੀ 30-32 ਏਕੜ ਨਾਨਕਵਾੜੀ ਦੇ ਨਾਂ ਤੇ ਚਲਦੀ ਹੈ।

ਬਾਬਾ ਹਰਬੰਸ ਸਿੰਘ ਕਾਰਸੇਵਾ ਜਥੇਬੰਦੀ ਇਸ ਅਸਥਾਨ ਦਾ ਸਿੱਖੀ ਨਾਲ ਰਿਸਤਾ ਬਰਕਰਾਰ ਰੱਖਣ ਲਈ ਜੱਦੋਜਹਿਦ ਕਰ ਰਹੇ ਹਨ। ਨਾਨਕਵਾੜੀ ਦੀ ਮਾਲਕੀ ਲਈ ਮਹੰਤਾਂ ਅਤੇ ਕਾਰਸੇਵਾ ਵਾਲਿਆਂ ਦਰਮਿਆਨ ਕੇਸ ਚਲ ਰਿਹਾ ਹੈ।

ਖੁੱਦ ਕਾਰਸੇਵਾ ਵਾਲਿਆਂ 18 ਏਕੜ ਜਮੀਨ ਵੀ ਰਤਨਪੁਰ ਵਿਚ ਖਰੀਦ ਲਈ ਹੈ।

ਯਾਦ ਰਹੇ ਆਰ ਐਸ ਐਸ ਦਾ ਪ੍ਰਚਾਰ ਪ੍ਰਚੰਡ ਹੋਣ ਤੇ ਉਦਾਸੀ ਡੇਰਿਆ ਨੂੰ ਹਿੰਦੂ ਧਰਮ ਵਿਚ ਸਮਿਲਿਤ ਕਰਨ ਦੇ ਪ੍ਰਬੱਲ ਯਤਨ ਜਾਰੀ ਹਨ। ਬਹੁਤੇ ਸ੍ਰੀਚੰਦੀਏ ਮਹੰਤ ਗੁਰੂ ਨਾਨਕ ਦੀ ਸਿੱਖੀ ਤੋਂ ਪਾਸਾ ਵੀ ਵੱਟ ਚੁੱਕੇ ਹਨ।

ਧੰਨਾ ਸਿੰਘ ਸਾਈਕਲ ਯਾਤਰੀ: 150-153.(ਸਾਲ 1930 ਲਗ ਪਗ) ਲਿਖਦਾ ਹੈ ਕਿ ਬਿਜਨੌਰ, ਮੁਰਾਦਾਬਾਦ, ਮੇਰਠ ਦੇ ਜਿਲਿਆ ਵਿੱਚ ਅਨੇਕਾਂ ਪਿੰਡ ਸਿੱਖਾਂ ਦੇ ਹਨ, ਜਿਹਨਾਂ ਨੂੰ ਹਿੰਦੂ ਬਣਾਉਣ ਦੀ ਤੇਜ ਮੁਹਿੰਮ ਆਰੀਆ ਸਮਾਜੀਆਂ ਵਿੱਢੀ ਹੋਈ ਹੈ।

----◆-----

## ਗੜ੍ਹ ਮੁਕਤੇਸ਼ਵਰ -ਮੁਕਤੀ ਦਾ ਗੜ੍ਹ ਤਾਂ ਨਾਮ ਹੀ ਹੈ !

ਮੁਰਾਦਾਬਾਦ ਵਾਲੇ ਪਾਸਿਓ ਹੀ ਗੁਰੂ ਸਾਹਿਬ ਗੜ੍ਹ ਮੁਕਤੇਸ਼ਵਰ ਆਏ ਤੇ ਇਥੇ ਲੋਕਾਈ ਨੂੰ ਦੱਸਿਆ ਕਿ ਅਸਲੀ ਮੁਕਤੀ ਦਾ ਰਾਹ ਨਾਮ ਹੈ ਨਾਂ ਕਿ ਗੰਗਾ ਇਸ਼ਨਾਨ ਜਾਂ ਮੂਰਤੀਆਂ ਅੱਗੇ ਮੱਥੇ ਰਗੜਨੇ ਤੇ ਕਰਮ ਕਾਂਡ ਕਰਨੇ।

ਸਾਹਿਬ ਦੇ ਯਾਦਗਾਰੀ ਅਸਥਾਨ ਤੇ ਇਥੇ ਵੀ ਕਬਜਾ ਸ੍ਰੀ ਚੰਦੀਏ ਉਦਾਸੀਆਂ ਦਾ ਹੀ ਹੈ। ਸਿੱਖਾਂ ਅਤੇ ਉਦਾਸੀਆਂ ਦੀ ਮੁਕੱਦਮੇਬਾਜੀ ਵੀ ਚਲ ਰਹੀ ਹੈ।

ਇਥੋਂ ਗੁਰੂ ਸਾਹਿਬ ਦਿੱਲੀ ਵਲ ਦੁਬਾਰਾ ਨਿਕਲ ਗਏ ਤਾਂ ਹੀ ਤੇ ਬਲਬਗੜ੍ਹ ਲਾਗੇ ਦਿਆਲਪੁਰ ਵਿਖੇ ਉਹਨਾਂ ਦੀ ਆਮਦ ਦੇ ਸਬੂਤ ਮਿਲਦੇ ਹਨ।

—▲—

ਪੈੜ ਸਫਾ

+ਇਹ ਵੀ ਵੀਚਾਰ ਹੈ ਕਿ ਬਨਾਰਸ ਦੇ ਜਿਹੜਾ ਰਾਜਾ ਹਰਿਨਾਥ ਵਾਲੀ ਸਾਖੀ ਹੈ ਉਹ ਅਸਲ ਵਿਚ ਇਸ ਸਥਾਨ ਨਾਲ ਹੀ ਸਬੰਧਿਤ ਹੋਵੇ। ਹੋ ਸਕਦਾ ਗੁਰੂ ਸਾਹਿਬ ਨਾਲ ਮੇਲ ਰਾਜਾ ਹਰਿਨਾਥ ਦਾ ਹੋਇਆ ਹੋਵੇ ਅਤੇ ਅੱਗੋ ਰਤਨ ਰਾਇ ਉਹਦਾ ਪੁੱਤਰ ਹੋਵੇ।

ਬਾਬ-40

## ਪਹਿਲੀ ਉਦਾਸੀ –ਭਾਗ 3:

# ਪੂਰਬੀ ਯੂ.ਪੀ ਵਿਚ ਬਾਬਾ

ਜਨਵਰੀ 1509

### ਅਗਲਾ ਨਿਸ਼ਾਨਾ ਅਲਾਹਾਬਾਦ ਦਾ ਮਹਾਂਕੁੰਭ

ਬਾਬੇ ਦੀ ਯਾਤਰਾ ਦੇ ਮੁਤੱਲਕ ਜਦੋਂ ਅਸੀ ਓਨਾਂ ਸਥਾਨਾਂ ਨੂੰ ਜੋੜ ਕੇ ਵੇਖਦੇ ਹਾਂ ਜਿੱਥੇ ਬਾਬੇ ਦੀ ਕੋਈ ਯਾਦਗਾਰ ਜਾਂ ਸਾਖੀ ਬਚੀ ਹੋਈ ਹੈ, ਤਾਂ ਮਹਿਸੂਸ ਹੁੰਦਾ ਹੈ ਕਿ ਗੁਰੂ ਸਾਹਿਬ ਨਾਨਕਮਤੇ ਤੋਂ ਵਾਪਸ ਦਿੱਲੀ ਨੂੰ ਆ ਗਏ ਸਨ। ਬਲਬਗੜ੍ਹ ਲਾਗੇ ਦਿਆਲਪੁਰ ਵਿਖੇ ਗੁਰੂ ਸਾਹਿਬ ਅਤੇ ਛੇਵੇਂ ਪਾਤਸ਼ਾਹ ਦੀ ਯਾਦਗਾਰ ਹੋਣਾਂ ਦਿੱਲੀ ਤੋਂ ਪੂਰਬ ਵਲ ਜਾਣ ਦਾ ਸਾਫ ਇਸ਼ਾਰਾ ਹੈ।

ਅੰਦਾਜ਼ਾ ਹੈ ਕਿ 1508 ਈ. ਦੇ ਅਖੀਰ 'ਚ ਗੁਰੂ ਸਾਹਿਬ ਦਿੱਲੀ ਪਰਤੇ ਸਨ। ਸਾਹਿਬ ਦਾ ਅਗਲਾ ਨਿਸ਼ਾਨਾ ਪ੍ਰਯਾਗਰਾਜ ਦਾ ਕੁੰਭ ਸੀ ਜੋ ਮਾਘੀ ਵਾਲੇ ਦਿਨ ਹੋਣਾ ਸੀ। ਭਾਵ ਜਨਵਰੀ 1509 । ਫਿਰ ਛੇਤੀ ਬਾਦ ਹੀ ਫਰਵਰੀ ਵਿਚ ਬਨਾਰਸ ਦੀ ਸ਼ਿਵਰਾਤਰੀ ਵੀ ਵੇਖਣੀ ਸੀ। ਜਿਸ ਕਾਰਨ ਲਗਦੈ ਗੁਰੂ ਸਾਹਿਬ ਹੁਣ ਤੇਜੀ ਨਾਲ ਅਲਾਹਾਬਾਦ ਨੂੰ ਵਧੇ। ਰਸਤਾ ਵੀ ਉਹਨਾਂ ਸਿੱਧਾ (ਸ਼ਾਰਟ ਕੱਟ) ਅਪਣਾਇਆ। ਫਿਰ ਓਹਨੀ ਦਿਨੀ ਪ੍ਰਸਿੱਧ ਅਸਥਾਨਾਂ ਲਈ ਸਿੱਧੇ ਰਸਤਿਆਂ ਦਾ ਲੋਕਾਈ ਨੂੰ ਗਿਆਨ ਹੁੰਦਾ ਸੀ।

ਇਤਹਾਸਕਾਰਾਂ ਵਿਚ ਮੱਤਭੇਦ ਹਨ। ਕੁਝ ਕਹਿੰਦੇ ਹਨ ਕਿ ਗੁਰੂ ਸਾਹਿਬ ਇਟਾਵਾ ਰੁਕੇ ਸਨ ਕੁਝ ਦਾ ਕਹਿਣਾ 'ਨਹੀ'। ਮਿਸਾਲ ਦੇ ਤੌਰ ਤੇ ਜੇ ਅਸੀ ਦਿੱਲੀ ਅਲਾਹਾਬਾਦ ਦਾ ਸਿੱਧਾ ਰਸਤਾ ਕੱਢਦੇ ਹਾਂ ਤਾਂ ਇਟਾਵਾ ਕੋਈ 60 ਕਿ. ਮੀ. ਪਾਸੇ ਰਹਿ ਜਾਂਦਾ ਹੈ। ਆਗਰਾ -70 ਕਿ.ਮੀ., ਮਥੁਰਾ-80 ਕਿ.ਮੀ., ਲਖਨਊ - 60 ਕਿ.ਮੀ.। ਸੋ ਸਾਨੂੰ ਵੀ ਨਹੀ ਲਗਦਾ ਕਿ ਗੁਰੂ ਸਾਹਿਬ ਇਟਾਵਾ ਆਏ ਹੋਣਗੇ।

ਸੋ ਦਿੱਲੀ ਤੋਂ ਅਲਾਹਾਬਾਦ ਪਹੁੰਚਣ ਲਈ ਗੁਰੂ ਸਾਹਿਬ ਕੋਲ ਸਮਾਂ ਘੱਟ ਸੀ। ਇਸ ਕਾਰਨ ਉਹ ਸਿੱਧੇ ਹੀ ਅਲਾਹਾਬਾਦ ਪਹੁੰਚੇ ਸਨ ਅਤੇ ਰਸਤੇ 'ਚ ਪੜਾਅ ਘੱਟ ਹੀ ਕੀਤੇ, ਸਿਵਾਏ ਰਾਤ ਬਿਤਾਉਣ ਦੇ। ਕਿਉਕਿ ਅਲਾਹਾਬਾਦ ਦੇ ਮਹਾਂ ਕੁੰਭ ਨੂੰ ਜਿਥੇ ਸਾਰੇ ਹਿੰਦੁਸਤਾਨ ਨੇ ਜੁੜਨਾ ਸੀ ਗੁਰੂ ਸਾਹਿਬ ਦਾ ਉਹ ਮੁੱਖ ਮਕਸਦ ਅਤੇ ਨਿਸ਼ਾਨਾ ਸੀ।

ਗੁਰੂ ਸਾਹਿਬ ਦਾ ਕਾਨ੍ਪੁਰ ਰੁਕਣਾ ਹੋ ਸਕਦਾ ਹੈ ਕਿਉਕਿ ਕਾਨ੍ਪੁਰ ਐਨ ਰਸਤੇ ਵਿਚ ਪੈਦਾ ਹੈ। ਹਾਲਾਂ 16 ਵੀ ਸਦੀ ਦੀ ਸ਼ੁਰੂਆਤ ਤੇ ਕਾਨਪੁਰ ਕੋਈ ਬਹੁਤਾ ਮਹੱਤਵਪੂਰਨ ਸਥਾਨ ਨਹੀ ਸੀ, ਮਤਲਬ ਕਿ ਸਥਾਨ ਦੀ ਧਾਰਮਿਕ ਜਾਂ ਰਾਜਨੀਤਕ ਅਹਿਮੀਅਤ ਨਹੀ ਸੀ। ਉਂਜ ਅਬਾਦੀ ਪੱਖੋ ਕਾਨ੍ਪੁਰ ਤੇਜੀ ਨਾਲ ਫੈਲ ਰਿਹਾ ਸੀ। ਪਰ ਇਹ ਮਹੱਤਵਪੂਰਨ ਹੈ ਕਿ ਗੁਰੂ ਸਾਹਿਬ ਨੇ ਇਥੇ ਪੜਾਅ ਕੀਤਾ ਹੀ ਕੀਤਾ ਸੀ।

ਫਿਰ ਸਾਈਕਲ ਯਾਤਰੀ- 141 ਅਨੁਸਾਰ ਕਾਨ੍ਪੁਰ ਦੇ ਇਲਾਕਾ ਸਰਸੱਈਆ ਘਾਟ ਵਿਖੇ ਇਤਹਾਸਿਕ ਗੁਰਦੁਆਰਾ ਹੈ ਜਿੱਥੇ



ਅਲਾਹਾਬਾਦ ਦਾ ਕੁੰਭ ਮੇਲਾ ਦੁਨੀਆ ਦੇ ਵੱਡੇ ਮੇਲਿਆਂ ਵਿਚੋ ਇਕ। ਗੁਰੂ ਨਾਨਕ ਵਾਸਤੇ ਇਹ ਸੁਨਿਹਰੀ ਮੌਕਾ ਸੀ ਪ੍ਰਚਾਰ ਕਰਨ ਲਈ

ਗੁਰੂ ਨਾਨਕ ਤੇ ਬਾਦ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨ ਪਏ ਨੇ। ਗੁਰਦੁਆਰਾ ਉਦਾਸੀਆਂ ਦੇ ਕਬਜੇ ਹੇਠ ਹੈ। ਲਿਖਾਰੀ ਨੂੰ ਲੱਗਦਾ ਹੈ ਕਿ ਮਹੰਤ ਇਤਹਾਸ ਛੁਪਾ ਰਿਹਾ ਹੈ ਕਿਉਕਿ ਓਨੀ ਦਿਨੀ ਇਤਹਾਸਿਕ ਥਾਵਾਂ ਤੇ ਅਕਾਲੀ ਕਬਜੇ ਕਰ ਰਹੇ ਸਨ।

ਨਾਲ ਹੀ ਇਸ ਸਰੋਤ ਤੇ ਇਹ ਵੀ ਤਸਦੀਕ ਹੋ ਜਾਂਦਾ ਹੈ ਕਿ ਲਖਨਊ ਵਿਖੇ ਗੁਰੂ ਸਾਹਿਬ ਦਾ ਆਉਣਾ ਨਹੀ ਹੋਇਆ।

ਹਾਲਾਂ ਯੂ.ਪੀ ਵਿੱਚ ਬਾਬਾ ਬਹੁਤ ਘੁੰਮਿਆ ਸੀ। ਯੂ ਪੀ ਕਿਉਕਿ ਹਿੰਦੁਸਤਾਨ ਦੀ ਰੂਹਾਨੀਅਤ ਦਾ ਇੱਕ ਤਰਾਂ ਨਾਲ ਮਰਕਜ਼ ਸੀ। ਹਰਦੁਆਰ, ਕਾਂਸ਼ੀ (ਭਗਵਾਨ ਸ਼ਿਵ ਦਾ ਸ਼ਹਿਰ) ਅਯੁੱਧਿਆ (ਰਾਮ ਦਾ ਸ਼ਹਿਰ) ਮਥੁਰਾ (ਕ੍ਰਿਸ਼ਨ ਦਾ ਸ਼ਹਿਰ) ਪ੍ਰਯਾਗ (ਗੰਗਾ ਜਮੁਨਾ ਮਿਲਣ) ਕਨੌਜ (ਕਾਨਕੁੰਬਜ), ਕੌਸੰਭੀ, ਕੁਸ਼ੀਨਗਰ, ਚਿੱਤ੍ਰਕੂਟ (ਮੱਧ ਪ੍ਰਦੇਸ), ਸਰਵਸਤੀ, ਹਸਤਨਪੁਰ ਸਭ ਯੂ ਪੀ ਦੇ ਇਲਾਕੇ ਵਿੱਚ ਹੀ ਤਾਂ ਸਨ। ਧਰਮ ਦੀ ਲੀਡਰਸ਼ਿਪ ਸਿਰਫ ਬ੍ਰਾਹਮਣਾਂ ਕੋਲ ਸੀ ਜਿਸ ਕਰਕੇ ਉਨਾਂ ਦੇ ਸਥਾਨ ਹੀ ਪਵਿਤ੍ਰ ਗਿਣੇ ਜਾਂਦੇ ਸਨ। ਯੂ ਪੀ ਦੀਆਂ ਨਦੀਆਂ ਗੰਗਾ, ਜਮੁਨਾ, ਸਰਜੂ, ਅਲਕਨੰਦਾ, ਰਾਮ ਗੰਗਾ ਸਭ ਇਸੇ ਕਰਕੇ ਪਵਿਤ੍ਰ ਹਨ। ਪਰ ਪੰਜਾਬ ਦੇ ਬਿਆਸ, ਸਤਲੁਜ, ਰਾਵੀ, ਚਨਾਬ, ਜਿਹਲਮ ਪਵਿਤਰ ਨਹੀ ਹਨ। ਹਾਲਾਂ ਜੁਗਾਂ ਜੁਗਾਤਰਾਂ ਤੋਂ ਇਨਸਾਨ ਦਾ ਢਿੱਡ ਜਿਆਦਾ ਇਹਨਾਂ ਦਰਿਆਵਾਂ ਨੇ ਹੀ ਭਰਿਆ ਸੀ।

ਸੋ ਯੂ ਪੀ ਦੇ ਉੱਤੇ ਦਿੱਤੇ ਸ਼ਹਿਰਾਂ ਦੀ ਅਹਿਮੀਅਤ ਤਾਂ ਅੱਜ ਤੱਕ ਬਣੀ ਹੋਈ ਹੈ ਪਰ ਕਨੌਜ ਜਿਹੇ ਦਰਜਨਾਂ ਕੇਂਦਰ ਹੋਰ ਵੀ ਸਨ ਜੋ ਵਕਤ ਦੇ ਸਮੁੰਦਰ ਵਿੱਚ ਡੁੱਬ ਗਏ। ਜਿਵੇ ਪੰਜਾਬ ਦੇ ਵੀ ਕਈ ਸ਼ਹਿਰਾਂ ਦੇ ਨਾਂ ਇਤਹਾਸ ਵਿੱਚ ਤਾਂ ਹਨ ਪਰ ਉਂਜ ਅੱਜ ਮੌਜੂਦ

ਨਹੀ ਹਨ ਜਿਵੇ ਚੀਨਾ ਪੱਟੀ (ਅੰਮ੍ਰਿਤਸਰ ਦੇ ਹਵਾਈ ਅੱਡੇ ਲਾਗੇ ਹਰਸਾ ਛੀਨਾ ਥੇਹ) ਸਗਲ (ਸਿਆਲਕੋਟ ਲਾਗੇ) ਟੈਕਸਲਾ (ਪਾਕਿਸਤਾਨ ਰਾਵਲਪਿੰਡੀ ਲਾਗੇ) ਅੰਮ੍ਰਿਤਸਰ ਜਿਲੇ ਵਿੱਚ ਹੀ ਇੱਕ ਸ਼ਹਿਰ ਹੁੰਦਾ ਸੀ ਸੌੜੀਆਂ (ਖੁਦ ਅੰਗਰੇਜਾਂ ਵੇਲੇ ਤਹਿਸੀਲ ਸੀ) ਅੱਜ ਇੱਕ ਮਾਮੂਲੀ ਪਿੰਡ ਰਹਿ ਗਇਆ ਹੈ, ਬਿਹਾਰ ਦਾ ਨਾਲੰਦਾ ਸ਼ਹਿਰ ਜੋ ਰਾਜਧਾਨੀ ਸੀ, ਸਿੰਧ ਦੀ ਰਾਜਧਾਨੀ ਅਰੋੜ (ਅਰੋੜਿਆਂ ਦਾ ਮੂਲ ਸਥਾਨ), ਫਿਰ ਮੁਲਤਾਨ ਪੱਛਮੀ ਭਾਰਤ ਦਾ ਸਭ ਤੋਂ ਵੱਡਾ ਕੇਂਦਰ ਸੀ। ਲੁੰਬਣੀ, ਕਪਿਲਵਸਤੁ (ਨੇਪਾਲ) ਖਤਮ ਹੋ ਚੁੱਕਾ ਹੈ। ਸੋ ਸਾਨੂੰ ਨਹੀ ਲੱਗਦਾ ਕਿ ਬਾਬੇ ਨੇ ਉਸ ਵੇਲੇ ਦਾ ਯੂ ਪੀ ਦਾ ਕੋਈ ਮਹੱਤਵਪੂਰਨ ਸ਼ਹਿਰ ਵੇਖਣ ਤੋਂ ਛੱਡਿਆ ਹੋਵੇ। ਆਖਿਰ 2-4 ਸਾਲ ਇਸ ਇਲਾਕੇ ਵਿੱਚ ਸਿੰਘ ਬੁੱਕਦਾ ਰਿਹਾ।

ਸੋ ਦਿੱਲੀ ਤੋਂ ਚਲਕੇ ਗੁਰੂ ਸਾਹਿਬ ਕੁਝ ਇਸ ਪ੍ਰਕਾਰ ਘੁੰਮੇ: ਕਾਨਪੁਰ, ਅਲਾਹਾਬਾਦ, ਚਿਤ੍ਰਕੂਟ, ਬਨਾਰਸ, ਨਿਜਾਮਾਬਾਦ, ਅਯੁਧਿਆ ਗੋਰਖਪੁਰ।

ਪਰ ਜਿਸ ਤੀਬਰਤਾ ਨਾਲ ਬਾਬੇ ਨੇ ਉੱਤਰਾਖੰਡ ਅਤੇ ਪੱਛਮੀ ਯੂ. ਪੀ ਗਾਹੀ ਉਸ ਤੋਂ ਲਗਦਾ ਹੈ ਕਿ ਸਾਹਿਬ ਇਕ ਸਾਲ ਤੋਂ ਜਿਆਦਾ ਸਮਾਂ ਇਸ ਇਲਾਕੇ ਵਿਚ ਰਹੇ। ਇਹ ਵੀ ਹੋ ਸਕਦਾ ਹੈ ਕਿ ਪੂਰਬੀ ਯੂ.ਪੀ ਵਿਚ ਵੀ ਉਹਨਾਂ ਬਣਦਾ ਸਮਾਂ ਲਾਇਆ ਹੋਵੇ ਪਰ ਕੁਝ ਕਾਰਨਾਂ ਕਰਕੇ ਇਧਰ ਸਿੱਖੀ ਇਨੀ ਪ੍ਰਫੁੱਲਤ ਨਾਂ ਹੋ ਪਾਈ। ਜਾਂ ਇਹ ਵੀ ਹੋ ਸਕਦਾ ਹੈ ਕਿ ਪੱਛਮ ਵਿਚ ਸਿੱਖ ਜਿਮੀਦਾਰਾਂ ਦੀ ਹਿਜਰਤ ਕਰਕੇ ਉਹ ਯਾਦਗਾਰਾਂ ਸੁਰਜੀਤ ਹੋ ਗਈਆਂ ਜਿਥੇ ਬਾਬੇ ਦੇ ਪਵਿਤ੍ਰ ਕਦਮ ਪਏ ਸਨ।

ਬਾਬੇ ਨੇ ਪ੍ਰਯਾਗਰਾਜ ਦੇ ਮਹਾਂਕੁੰਭ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਐਨ ਟਿਕਾਣੇ ਤੇ ਡੇਰਾ ਜਮਾ ਲਿਆ ਸੀ।

ਇਥੇ ਫਿਰ ਰੋਜ ਹਜਾਰਾਂ ਸਾਧੂਆਂ ਨੂੰ ਸੰਬੋਧਨ ਹੋਇਆ ਕਰਦੇ ਸਨ ਤੇ ਗੁਰਮਤ ਦਾ ਸਿਧਾਂਤ ਲੋਕਾਈ ਤੱਕ ਪਹੁੰਚਾਇਆ।

----◈-----

ਪੈੜ ਸਫ਼ਾ

## ਹਿੰਦੂ ਤੀਰਥ ਅਸਥਾਨਾਂ ਦੀ ਸਥਾਪਨਾ ਦਾ ਮੂਲ ਸਿਧਾਂਤ

(ਜਿਹਦੇ ਸਿਰ ਤੇ ਬਹੁਤੇ ਤੀਰਥ ਬਣੇ ਹੋਏ ਨੇ ਅਤੇ ਕੁੰਭ ਮੇਲਿਆ ਦਾ ਅਧਾਰ)

### 'ਸਮੁੰਦਰ ਰਿੜਕਣਾਂ, ਅੰਮ੍ਰਿਤ ਕੱਢਣਾਂ'

ਗੁਰੂ ਸਾਹਿਬ ਪੂਰੇ ਹਿੰਦੁਸਤਾਨ ਵਿੱਚ ਫਿਰੇ ਸਨ ਤੇ ਸ਼ਾਇਦ ਹੀ ਕੋਈ ਮਹੱਤਵਪੂਰਨ ਹਿੰਦੂ ਤੀਰਥ ਅਸਥਾਨ ਰਹਿ ਗਇਆ ਹੋਵੇ ਜਿੱਥੇ ਸਾਹਿਬ ਨਾਂ ਗਏ ਹੋਣ। ਕਿਉਂਕਿ ਹਿੰਦੂਆਂ ਦੇ ਮੁੱਖ ਅਸਥਾਨ ਅੰਮ੍ਰਿਤ ਕੱਢਣ ਦੀ ਕਹਾਣੀ ਨਾਲ ਸਬੰਧਿਤ ਹਨ। ਕੁੰਭ ਮੇਲਿਆਂ ਦਾ ਅਧਾਰ ਵੀ ਇਹੋ ਕਥਾ ਹੈ। ਇਸ ਕਰਕੇ ਅਸੀ ਸਮਝਦੇ ਹਾਂ ਕਿ ਹਿੰਦੂ ਵਰਤਾਰੇ ਨੂੰ ਸਮਝਣ ਲਈ ਇਹ ਮੁਢਲੀ ਹਿੰਦੂ ਮਿਥਹਾਸਿਕ (ਮਨਘੜਤ) ਕਥਾ ਤੋਂ ਸਾਨੂੰ ਜਾਣੂ ਹੋਣਾ ਚਾਹੀਦਾ ਹੈ। ਸਿਰਫ ਏਨਾ ਹੀ ਨਹੀ ਸਿੱਖ ਪ੍ਰਚਾਰਕਾਂ ਨੂੰ ਰਮਾਇਣ ਤੇ ਮਹਾਂਭਾਰਤ ਤੇ ਹੋਰ ਕਥਾਵਾਂ ਦਾ ਵੀ ਗਿਆਨ ਹੋਣਾ ਚਾਹੀਦਾ ਹੈ।

ਸਮੁੰਦਰ ਮੰਥਨ ਦੀ ਕਥਾ ਮਹਾਂ ਭਾਰਤ ਤੇ ਵਿਸ਼ਨੂੰ ਪੁਰਾਣ ਵਿੱਚ ਆਉਂਦੀ ਹੈ।


**ਅੰਮ੍ਰਿਤ ਕੱਢਣਾ**

ਹੋਇਆਂ ਕੁਝ ਇਸ ਤਰਾਂ ਕਿ ਇੱਕ ਵੇਰਾਂ ਸਵੱਰਗਾਂ ਦਾ ਰਾਜਾ ਇੰਦਰ ਆਪਣੇ ਹਾਥੀ ਤੇ ਚੜਿਆ ਜਾ ਰਿਹਾ ਸੀ ਕਿ ਦੁਰਭਾਸ਼ਾ ਰਿਸ਼ੀ ਨੇ ਖੁਸ਼ ਹੋ ਕੇ ਇੰਦਰ ਨੂੰ ਇੱਕ ਮਾਲਾ ਪਹਿਨਾ ਦਿੱਤੀ। ਇੰਦ੍ਰ ਨੇ ਸੋਚਿਆ ਕਿ ਲੋਕੀ ਐਵੇ ਕਹਿਣਗੇ ਕਿ ਬੜਾ ਸ਼ੌਕੀਨ ਹੋ ਗਇਆ ਇੰਦਰ, ਇਸ ਕਰਕੇ ਉਹ ਮਾਲਾ ਉਸ ਨੇ ਹਾਥੀ ਦੇ ਗਲ ਪਾ ਦਿੱਤੀ। ਹਾਥੀ ਜਾਣਦਾ ਸੀ ਕਿ ਇੰਦ੍ਰ ਵੱਡਾ ਦੇਵਤਾ ਬਣਿਆ ਫਿਰਦਾ ਹੈ ਪਰ ਇਸ ਦਾ ਆਪਣੀਆਂ ਵਾਸ਼ਨਾਵਾਂ ਤੇ ਕੋਈ ਕਾਬੂ ਨਹੀ ਹੈ। ਇਸ ਕਰਕੇ ਹਾਥੀ ਨੇ ਮਾਲਾ ਥੱਲੇ ਸੁੱਟ ਦਿੱਤੀ। ਇਸ ਤੇ ਦੁਰਵਾਸ਼ਾ ਰਿਸ਼ੀ ਨੇ ਆਪਣੀ ਬੇਇਜਤੀ ਸਮਝੀ ਕਿਉਂਕਿ ਉਹ ਮਾਲਾ 'ਸ੍ਰੀ' ਭਾਵ ਮਾਇਆ ਰੂਪੀ ਪ੍ਰਸ਼ਾਦ ਸੀ। ਰਿਸ਼ੀ ਨੇ ਦੇਵਤਿਆਂ ਨੂੰ ਸਰਾਪ ਦੇ ਦਿੱਤਾ ਕਿ ਇਹ ਬਦਕਿਸਮਤ ਤੇ ਨਿਰਬਲ ਹੀ ਰਹਿਣਗੇ।

ਬਾਦ ਵਿੱਚ ਜਦੋਂ ਰਾਖਸ਼ਾਂ ਤੇ ਦੇਵਤਿਆਂ ਵਿੱਚ ਯੁੱਧ ਹੋਇਆ ਤਾਂ ਰਾਜਾ ਬਲੀ ਦੀ ਅਗਵਾਈ ਹੇਠ ਰਾਖਸ਼ ਜਿੱਤ ਗਏ। ਘਬਰਾਏ ਹੋਏ ਦੇਵਤੇ ਫਿਰ ਵਿਸ਼ਨੂੰ ਦੀ ਸ਼ਰਨ ਵਿੱਚ ਜਾਂਦੇ ਹਨ। ਵਿਸ਼ਨੂੰ ਓਨਾਂ ਨੂੰ ਸਲਾਹ ਦਿੰਦਾ ਹੈ ਕਿ ਕਿਸੇ ਤਰਾਂ ਰਾਖਸ਼ਾਂ ਨੂੰ ਚਾਲਬਾਜੀ ਹੇਠ ਲੈ ਆਓ ਤੇ ਫਿਰ ਕੂਟਨੀਤੀ ਨਾਲ ਓਨਾਂ ਦਾ ਪੱਤਾ ਸਾਫ ਕਰ ਦਿਓ।

ਫਿਰ ਦੇਵਤਿਆ ਨੇ ਰਾਖਸ਼ਾਂ (ਅਸੁਰਾਂ) ਨੂੰ ਮਨਾਇਆ ਕਿ ਕੋਈ ਅਜਿਹੀ ਸ਼ੈਅ ਪੈਦਾ ਕੀਤੀ ਜਾਵੇ ਜਿਸ ਦੇ ਸੇਵਨ ਨਾਲ ਇਨਸਾਨ ਕਦੇ ਮਰੇ ਹੀ ਨਾਂ। ਸੋ ਆਓ ਸਹਿਯੋਗ ਕਰੋ। ਫਿਰ ਉਪਦੇਸ਼ ਮਿਲਿਆ ਕਿ ਉਹ ਤਾਂ ਹੋ ਸਕਦਾ ਹੈ ਜੇ ਸਮੁੰਦਰ ਨੂੰ ਰਿੜਕਿਆ ਜਾਵੇ ਤੇ ਜਿਵੇ ਦੁੱਧ ਰਿੜਕ ਕੇ ਮੱਖਣ ਨਿਕਲਦਾ ਹੈ ਏਸੇ ਤਰਾਂ ਸਾਗਰ ਤੋਂ ਅੰਮ੍ਰਿਤ ਨਿਕਲੇਗਾ ਜਿਸ ਨੂੰ ਪੀਣ ਵਾਲਾ ਕਦੇ ਨਹੀ ਮਰੇਗਾ। ਸੋ ਦੋਵੇ ਪਾਰਟੀਆਂ ਫਿਰ ਰਲ ਕੇ ਸਮੁੰਦਰ ਨੂੰ ਰਿੜਕਦੀਆਂ ਹਨ।

ਕਿਉਂਕਿ ਸਮੁੰਦਰ ਤਾਂ ਬਹੁਤ ਵਿਸ਼ਾਲ ਹੈ, ਉਹ ਸੁਮੇਰ ਪਰਬਤ ਦੀ ਹੀ ਮਦਾਣੀ ਬਣਾ ਲੈਂਦੇ ਹਨ। ਫਿਰ ਮਧਾਣੀ ਨੂੰ ਘੁੰਮਾਉਣ ਲਈ ਨੇਤ੍ਰਾ (ਰੱਸੀ) ਵੀ ਤਾਂ ਓਨੀ ਹੀ ਵਿਸ਼ਾਲ ਚਾਹੀਦੀ ਹੈ। ਸੋ ਨੇਤ੍ਰਾ ਪਾਉਂਦੇ ਹਨ ਮਹਾਨ ਸੱਪ ਸ਼ੇਸ਼ਨਾਗ ਦਾ ਜਿਹੜਾ ਸ਼ਿਵਜੀ ਭਗਵਾਨ




ਦੇ ਗਲ ਵਿੱਚ ਪਿਆ ਰਹਿੰਦਾ ਹੈ। ਫਿਰ ਨੇਤਰੇ ਨੂੰ ਇੱਕ ਪਾਸਿਓ ਦੇਵਤੇ ਖਿੱਚਦੇ ਤੇ ਦੂਸਰੇ ਪਾਸੇ ਤੋਂ ਰਾਖਸ਼।

ਲਓ ਜੀ! ਸੁਮੇਰ ਪਰਬਤ ਫਿਰ ਸਮੁੰਦਰ ਵਿੱਚ ਲਿਆ ਖੜਾ ਕਰਦੇ ਨੇ। ਪਰ ਪਰਬਤ ਤਾਂ ਡੁੱਬਣਾ ਸ਼ੁਰੂ ਹੋ ਜਾਂਦਾ ਹੈ। ਫਿਰ ਕੂਰਮ (ਕੱਛੂਕੰਮਾ) ਪਰਬਤ ਨੂੰ ਆਪਣੀ ਪਿੱਠ ਤੇ ਚੁੱਕ ਲੈਂਦਾ ਹੈ।

ਰਿੜਕਣਾ ਪੈ ਜਾਂਦਾ ਹੈ ਤੇ ਹੇਠ ਲਿਖੀਆਂ ਵਸਤੂਆਂ ਰਿੜਕਣਦੌਰਾਨ ਅੰਮ੍ਰਿਤ ਤੋਂ ਪਹਿਲਾਂ, ਨਿਕਲਦੀਆਂ ਸ਼ੁਰੂ ਹੋ ਜਾਂਦੀਆ ਹਨ ਭਾਵ।:-

1. ਹਲਾਹਲ - ਇਹ ਜ਼ਹਿਰ ਹੈ। ਜਦੋਂ ਸ਼ੇਸ਼ਨਾਗ ਦੇ ਮੂੰਹ ਵਿੱਚੋਂ ਜ਼ਹਿਰ ਨਿਕਲਦਾ ਹੈ

ਪੈੜ ਅਗਲੇ ਸਫੇ ਤੇ **ਚਲਦਾ** ➡

ਪ੍ਰਯਾਗ ਵਿੱਚ ਬਾਬਾ

## ਕੀ ਤੀਰਥ ਸਥਾਨ ਦੇ ਉੱਚੇ ਰੁੱਖ ਤੋਂ ਛਾਲ ਮਾਰ ਕੇ ਮਰਨ ਨਾਲ ਮੁਕਤੀ ਮਿਲ ਜਾਏਗੀ?

ਹਿੰਦੂ ਸ਼ਾਸਤਰ ਪਦਮ ਪੁਰਾਣ ਅਨੁਸਾਰ ਪ੍ਰਯਾਗ (ਏਸੇ ਕਰਕੇ ਹੁਣੇ ਹੁਣੇ ਅਲਾਹਾਬਾਦ ਤੋਂ ਨਾਂ ਵਾਪਸ ਪ੍ਰਯਾਗਰਾਜ ਕਰ ਦਿੱਤਾ ਗਇਆ ਹੈ।) ਹਿੰਦੂਆਂ ਦੇ ਸਾਰੇ ਤੀਰਥਾਂ ਤੋਂ ਉਪਰ ਹੈ। ਇਸ ਕਰਕੇ ਇਨੂੰ ਪ੍ਰਯਾਗ-ਰਾਜ ਕਿਹਾ ਜਾਂਦਾ ਹੈ। ਹਿੰਦੂਆਂ ਦਾ ਮੰਨਣਾ ਹੈ ਕਿ ਸ੍ਰਿਸਟੀ ਦੀ ਸ਼ੁਰੂਆਤ ਭਗਵਾਨ ਬ੍ਰਹਮਾ ਨੇ ਇਥੋ ਹੀ ਕੀਤੀ ਸੀ। ਇਥੇ ਗੰਗਾ ਤੇ ਜਮਨਾ ਦਰਿਆਵਾਂ ਦਾ ਸੰਗਮ ਜਾਂ ਮੇਲ ਹੈ। ਹਿੰਦੂਆਂ ਦਾ ਮੰਨਣਾ ਹੈ ਕਿ ਇੱਕ ਹੋਰ ਗੁਪਤ ਦਰਿਆ (ਭਾਵ ਜੋ ਦਿਸਦਾ ਨਹੀ ਹੈ) ਸਰਸਵੱਤੀ ਵੀ ਏਥੇ ਗੰਗਾ 'ਚ ਮਿਲਦਾ ਹੈ। ਇਸ ਮਿਲਾਪ ਨੂੰ ਤ੍ਰਿਬੇਣੀ ਸੰਗਮ ਕਿਹਾ ਜਾਂਦਾ ਹੈ।

ਗੁਪਤ ਦਰਿਆ ਪਤਾ ਨਹੀ ਸੱਚ ਵਿੱਚ ਮਿਲਦਾ ਜਾਂ ਨਹੀ ਪਰ ਇਥੇ ਜੋ ਕੁੰਭ ਮੇਲਾ ਲੱਗਦਾ ਹੈ ਉਹ ਵੀ ਕਿਸੇ ਦਰਿਆ ਤੋਂ ਘੱਟ ਨਹੀ। 6 ਸਾਲਾਂ ਬਾਦ ਅਰਧ-ਕੁੰਭ ਤੇ 12 ਸਾਲੀ ਮਹਾਂ ਕੁੰਭ। ਦੁਨੀਆ ਦਾ ਸੱਭ ਤੋਂ ਵੱਡਾ ਇਕੱਠ ਇਥੇ ਜੁੜਦਾ ਹੈ। ਪ੍ਰਯਾਗ ਦਾ ਜਿਕਰ ਰਮਾਇਣ ਤੇ ਮਹਾਂ ਭਾਰਤ ਵਿੱਚ ਵੀ ਮਿਲਦਾ ਹੈ।

ਗੁਰੂ ਸਾਹਿਬ ਮਾਘੀ  ਦਸੰਬਰ 1508 (ਜਾਂ ਜਨਵਰੀ 1509) ਨੂੰ ਪ੍ਰਯਾਗ ਵਿਖੇ ਬਰਾਜਮਾਨ ਸਨ ਕਿਉਕਿ ਓਦੋਂ ਓਥੇ ਮਹਾਂਕੁੰਭ ਚਲ ਰਿਹਾ ਸੀ। ਮਹਾਂਕੁੰਭ ਕੋਈ ਮਹੀਨਾ ਭਰ ਚਲਦਾ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਝੂਸੀ, ਪ੍ਰਯਾਗ ਵਿਖੇ ਇੱਕ ਉਦਾਸੀਨ ਆਸ਼ਰਮ ਵਿਖੇ ਨਿਵਾਸ ਕੀਤਾ।

ਇਥੇ ਪਹੁੰਚ ਕੇ ਵੀ ਗੁਰੂ ਸਾਹਿਬ ਨੇ ਵੇਖਿਆ ਕਿ ਪਾਂਡੇ ਮਨੁੱਖਤਾ ਤੇ ਵੱਡਾ ਜੁਲਮ ਕਰ ਰਹੇ ਨੇ। ਯਾਦ ਰਹੇ ਲੱਗ ਪਗ ਸਾਰੇ ਵੱਡੇ ਤੀਰਥਾਂ ਤੇ ਹਿੰਦੂ ਸ਼ਰਧਾਲੂਆਂ ਨੂੰ ਉਕਸਾਇਆ ਜਾਂਦਾ ਸੀ ਕਿ ਉਹ ਕੁਰਬਾਨੀ ਦੇਣ। ਅਖੇ ਅਜਿਹਾ ਕਰਨ ਨਾਲ ਸ਼ਰਧਾਲੂ ਦੀ ਮੁਕਤੀ ਹੋ ਜਾਵੇਗੀ। ਕੁਰਬਾਨੀ ਦੇਣ ਤੋਂ ਪਹਿਲਾਂ ਸ਼ਰਧਾਲੂ ਨੇ ਆਪਣਾ ਸਾਰਾ ਕੁਝ ਦਾਨ ਕਰਨਾਂ ਹੁੰਦਾ ਸੀ।

ਪ੍ਰਯਾਗ ਵਿਖੇ ਇੱਕ ਉੱਚਾ ਬੋਹੜ ਹੁੰਦਾ ਸੀ। ਇੱਕ ਖਾਸ ਉੱਚਾਈ ਤੇ ਪਾਂਡਿਆਂ ਨੇ ਨਿਸ਼ਾਨ ਲਾਇਆ ਹੁੰਦਾ ਸੀ ਕਿ ਇਸ ਉੱਚਾਈ ਤੋਂ ਜਿਹੜਾ ਛਾਲ ਮਾਰੇਗਾ ਉਹ ਸਵਰਗਾਂ ਨੂੰ ਪ੍ਰਾਪਤ ਹੋਵੇਗਾ। ਜੇ ਹੇਠਾਂ ਡਿੱਗਣ ਉਪਰੰਤ ਉਹ ਬਚ ਜਾਂਦਾ ਹੈ ਤਾਂ ਰਾਜੇ ਦਾ ਰਾਜ ਭਾਗ ਸੰਭਾਲਣ ਦਾ ਉਹ ਹੱਕਦਾਰ ਹੋਵੇਗਾ। (ਬਚਣ ਦੇ ਕੋਈ ਮੌਕੇ ਹੀ ਨਹੀ ਸਨ ਹੁੰਦੇ।) ਹੇਠਾਂ ਤਿੱਖੇ ਪੱਥਰ ਰੱਖੇ ਹੋਏ ਹੁੰਦੇ ਸਨ। ਪ੍ਰਯਾਗ ਵਿੱਚ ਕੁਰਬਾਨੀ ਵਾਸਤੇ ਜੋ ਰੁੱਖ ਤਹਿ ਕੀਤਾ ਹੋਇਆ ਸੀ ਉਹ ਬੋਹੜ ਦਾ ਉੱਚਾ ਦਰੱਖਤ ਸੀ ਜਿਸ ਦਾ ਨਾਂ ਪੰਡਿਆਂ ਨੇ 'ਅਕਸ਼ਯ ਵੱਟ' (ਭਾਵ ਨਾਸ ਰਹਿਤ ਬੋਹੜ) ਰੱਖਿਆ ਹੋਇਆ ਸੀ।

ਇਥੇ ਜਦੋਂ ਗੁਰੂ ਸਾਹਿਬ ਨੇ ਇਹ ਹੱਤਿਆ ਹੁੰਦੀ ਵੇਖੀ ਤਾਂ ਦੁਹਾਈ ਦੇ ਦਿੱਤੀ ਕਿ ਇਹ ਕੋਈ ਮੁਕਤੀ ਦਾ ਰਾਹ ਨਹੀ ਹੈ।

ਇਥੇ ਗੁਰੂ ਸਾਹਿਬ ਨੇ ਹੇਠਲਾ ਸ਼ਬਦ ਉਚਾਰਨਾਂ ਕੀਤਾ:

**ਸਲੋਕ ਮਃ ੧ ॥ ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥ ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥ ਨਾ ਸਤਿ ਰੁਖੀ**

ਪੈੜ ਸਫਾ

ਤਾਂ ਦੋਵੇ ਪਾਰਟੀਆਂ ਬੇਹੋਸ਼ ਹੋ ਹੋ ਡਿੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦੇਵਤੇ ਫਿਰ ਦੌੜੇ ਦੌੜੇ ਵਿਸ਼ਨੂੰ ਕੋਲ ਜਾਂਦੇ ਹਨ ਕਿ ਕੋਈ ਉਪਾਅ ਦੱਸੋ। ਵਿਸ਼ਨੂੰ ਕਹਿੰਦਾ ਸ਼ਿਵ ਜੀ ਭਗਵਾਨ ਤੱਕ ਪਹੁੰਚ ਬਣਾਓ ਜੋ ਸ਼ੇਸ਼ ਨਾਗ ਦਾ ਮਾਲਕ ਹੈ। ਸ਼ਿਵ ਜੀ ਆਉਦਾ ਹੈ ਤੇ ਉਹ ਸਾਰਾ ਜ਼ਹਿਰ ਪੀ ਜਾਂਦਾ ਹੈ। ਸ਼ਿਵ ਜੀ ਦਾ ਰੰਗ ਨੀਲਾ ਪੈ ਜਾਂਦਾ ਹੈ।

ਪਰ ਨਹੀ। ਨਾਲ ਹੀ ਦੂਸਰੀ ਕਥਾ ਆ ਜਾਂਦੀ ਹੈ ਜੋ ਦਸਦੀ ਹੈ ਕਿ ਜਦੋਂ ਸ਼ਿਵ ਜੀ ਪੀਣ ਲੱਗੇ ਸਨ ਤਾਂ ਪਾਰਬਤੀ ਨੇ ਆ ਕੇ ਹੱਥ ਫੜ੍ਹ ਲਏ। ਓਤੋਂ ਤੱਕ ਜ਼ਹਿਰ ਸ਼ਿਵ ਜੀ ਦੇ ਸੰਘ (ਕੰਠ) ਤੱਕ ਜਾ ਚੁੱਕਾ ਸੀ। ਤਾਂ ਹੀ ਕਦੀ ਉਨੂੰ ਨੀਲਕੰਠ ਭਗਵਾਨ ਕਹਿੰਦੇ ਹਨ।

2. ਲਕਸ਼ਮੀ- ਖੁਸ਼ਹਾਲੀ ਦੀ ਦੇਵੀ। ਉਹ ਪੁਰਰਲਲ ਕਰਕੇ ਿਨਿਕਲ ਆਉਦੀ ਹੈ।

3.ਅਪਸਰਾਂ - ਮਨਮੋਹਨੀ ਸੁੰਦਰੀਆਂ ਦੇਵਤਿਆਂ ਦੀ ਸੇਵਾ ਲਈ। ਇਨਾਂ ਵਿੱਚੋਂ ਮੇਨਕਾ, ਰੰਭਾ ਤੇ ਪੰਜੀਸਥਲਾ ਮਸ਼ਹੂਰ ਹੋਈਆ ਹਨ।

4. ਵਰਨੀ- ਇਸ ਸੁੰਦਰੀ ਨੂੰ ਰਾਖਸ਼ਾਂ ਨੇ ਸਾਂਭ ਲਿਆ।

5.ਕਾਮਧੇਨੂੰ ਗਾਂ- ਜੋ ਹਰ ਇੱਛਾ ਪੂਰੀ ਕਰ ਦੇਵੇ। ਇਨੂੰ ਰਿਸ਼ੀਆਂ ਨੇ ਸਾਂਭ ਲਿਆ।

6.ਐਰਾਵਤਾ ਹਾਥੀ- ਇਨੂੰ ਇੰਦ੍ਰ ਨੇ ਕਾਬੂ ਕਰ ਲਿਆ ਜੋ ਦੇਵਤਿਆਂ ਦਾ ਨੇਤਾ ਸੀ।

7.ਉਚੈਸ਼ਰਬ ਘੋੜਾ- ਸੱਤ ਸਿਰਾਂ ਵਾਲਾ। ਇੰਦ੍ਰ ਨੇ ਕਬਜਾ ਕੀਤਾ।

8. ਕੌਸਤਬ ਰਤਨ - ਇਹ ਵਿਸ਼ਨੂੰ ਨੇ ਆਪਣੇ ਹੀ ਗਲ ਪਾ ਲਿਆ।

9.ਪਾਰਜਾਤ ਫੁੱਲ -ਜਿਹੜੇ ਕਦੇ ਕਮਲਾਉਦੇ ਹੀ ਨਹੀ ਹਨ। ਇੰਦ੍ਰ ਨੇ ਸਾਂਭ ਲਏ।

10. ਸ਼ਰੰਗ ਕਮਾਨ- ਵਿਸ਼ਨੂੰ ਨੇ ਸਾਂਭੀ। ਰਾਖਸ਼ਾਂ ਖਿਲਾਫ ਵਰਤੀ।

11. ਚੰਦ੍ਰ ਚੱਕ੍ਰ - ਜਿਹੜਾ ਵਿਸ਼ਨੂੰ ਭਗਵਾਨ ਦੇ ਸਿਰ ਦੁਆਲੇ ਚੱਕ੍ਰ ਹੁੰਦਾ ਹੈ।

12. ਸ਼ੰਖ - ਜਿਹੜਾ ਵਿਸ਼ਨੂੰ ਨੇ ਸਾਂਭਿਆ।

14.ਜੇਠਾ- ਬਦਕਿਸਮਤੀ ਦੀ ਦੇਵੀ।    15. ਛਤ੍ਰ- ਵਿਸ਼ਨੂੰ ਨੇ ਸਾਂਭਿਆ।

16.ਕੰਨ ਕੁੰਡਲ- ਇੰਦ੍ਰ ਨੇ ਆਪਣੀ ਮਾਂ ਆਦਿਤੀ ਨੂੰ ਦੇ ਦਿੱਤੇ।

17. ਕਲਪ ਬ੍ਰਿਖ - ਰੁੱਖ ਜੋ ਮੰਨ ਚਾਹਿਆ ਫਲ ਦਿੰਦਾ ਹੈ।

18. ਸੁਸਤੀ ਜਾਂ ਨੀਂਦ

(ਉਂਜ ਵਸਤੂਆਂ ਦੀ ਗਿਣਤੀ ਤੇ ਆ ਕੇ ਸ਼ਾਸਤਰਾਂ ਵਿੱਚ ਮੱਤਭੇਦ ਹੈ)

19. ਤੇ ਲਓ ਅਖੀਰ ਤੇ ਨਿਕਲਿਆ ਅੰਮ੍ਰਿਤ

ਧੰਨਵੰਤਰੀ ਮਹਾਰਾਜ ਨਿਕਲ ਆਏ। ਸਿਰ ਤੇ ਅੰਮ੍ਰਿਤ ਦਾ ਕੁੰਭ (ਘੜਾ ਜਾਂ ਗਾਗਰ) ਚੁੱਕੀ। ਇੰਦਰ ਨੇ ਅਡੋਲ ਹੀ ਘੜਾ ਆਪਣੇ ਪੁੱਤ੍ਰ ਜਯੰਤ ਨੂੰ ਚੁੱਕਾ ਦਿੱਤਾ ਤੇ ਕਿਹਾ ਕਿ ਇਨੂੰ ਲੈ ਕੇ ਸਵੱਰਗਾਂ ਨੂੰ ਖਿਸਕ ਜਾ। ਫਿਰ ਖੋਹਾ ਖੁਹਾਈ ਸ਼ੁਰੂ ਹੋ ਗਈ।

ਦੇਵਤਿਆਂ ਤੇ ਰਾਖਸ਼ਾਂ ਵਿੱਚ ਤਗੜੀ ਲੜਾਈ ਹੋਈ ਅੰਮ੍ਰਿਤ ਪਿੱਛੇ। ਫਿਰ ਗਰੁੜ ਪੰਛੀ ਆਇਆ ਤੇ ਅੰਮ੍ਰਿਤ ਚੁੱਕ ਕੇ ਉੱਡਦਾ ਬਣਿਆ।

ਦੇਵਤਿਆਂ ਫਿਰ ਵਿਸ਼ਨੂੰ ਕੋਲ ਜਾ ਪੁਕਾਰ ਕੀਤੀ ਕਿ ਮਾਰੇ ਚਲੇ ਆਂ ਅਸੀ ਤਾਂ। ਵਿਸ਼ਨੂੰ ਨੇ ਰਾਖਸ਼ਾਂ ਨੂੰ ਛਲਣ ਵਾਸਤੇ ਮੋਹਿਨੀ ਸੁੰਦਰੀ ਭੇਜ ਦਿੱਤੀ। ਰਾਖਸ਼ ਉਹਦੀ ਸੁੰਦਰਤਾ ਤੇ ਹੀ ਫਿਦਾ ਹੋ ਗਏ। ਮੋਹਿਨੀ ਨੇ ਚਲਾਕੀ ਨਾਲ ਅੰਮ੍ਰਿਤ ਚੁੱਕ ਕੇ ਦੇਵਤਿਆਂ ਨੂੰ ਛਕਾ ਦਿੱਤਾ।

ਤੇ ਲਓ ਰਾਹੂ, ਕੇਤੂ ਨਾਂ ਦੇ ਰਾਖਸ਼ ਨੂੰ ਜਦੋਂ ਇਸ ਚਲਾਕੀ ਦਾ ਪਤਾ ਲੱਗਾ ਤਾਂ ਉਸ ਨੇ ਝੱਟ ਦੇਵਤਿਆਂ ਦਾ ਰੂਪ ਧਾਰਨ ਕਰ ਲਿਆ ਤੇ ਅੰਮ੍ਰਿਤ ਛੱਕ ਗਿਆ। ਭਲਾ ਇਹੋ ਜਿਹੀ ਚਲਾਕੀ ਸੂਰਜ ਤੇ ਚੰਦਰ ਦੇਵਤੇ ਤੋਂ ਕੌਣ ਛੁਪਾ ਸਕਦਾ ਹੈ? ਉਨਾਂ ਝੱਟ ਮੋਹਿਨੀ ਨੂੰ ਦੱਸ ਦਿੱਤਾ। ਅੰਮ੍ਰਿਤ ਅਜੇ ਰਾਹੂ ਕੇਤੂ ਦੇ ਸੰਘ ਤੋਂ ਥੱਲੇ ਨਹੀ ਸੀ ਉਤਰਿਆ ਕਿ ਮੋਹਿਨੀ ਨੇ ਸੁਦਰਸ਼ਨ ਚੱਕ੍ਰ ਨਾਲ ਰਾਹੂ, ਕੇਤੂ ਦਾ ਗਲ ਵੱਢ ਦਿੱਤਾ। ਇਸ ਕਰਕੇ ਉਸ ਤੋਂ ਬਾਦ ਉਹਦੇ ਸਿਰ ਨੂੰ ਰਾਹੂ ਤੇ ਧੜ੍ਹ ਨੂੰ ਕੇਤੂ ਕਿਹਾ ਜਾਂਦਾ ਹੈ।

ਫਿਰ ਕੀ ਸੀ? ਬਸ ਅੰਮ੍ਰਿਤ ਛੱਕ ਕੇ ਦੇਵਤਿਆਂ ਨੇ ਰਾਖਸ਼ਾਂ ਦਾ ਕੰਮ ਤਮਾਮ ਕਰ ਦਿੱਤਾ।

ਕੁੰਭ ਮੇਲੇ ਦਾ ਅਰੰਭ

ਸੋ ਜਦੋਂ ਦੇਵਤੇ ਅੰਮ੍ਰਿਤ ਲੈ ਕੇ ਜਾ ਰਹੇ ਸਨ ਤਾਂ ਚਾਰ ਥਾਂਵਾ ਤੇ ਕੁਝ ਤੁਬਕੇ ਡਿੱਗ ਪਏ। ਉਹ ਚਾਰ ਥਾਵਾਂ ਹਨ:-

1.ਹਰਦੁਆਰ    2. ਪ੍ਰਯਾਗ (ਅਲਾਹਾਬਾਦ)
3. ਉਜੈਨ    4. ਤ੍ਰਿੰਬਕ (ਨਾਸਕ)

ਇਨਾਂ ਥਾਵਾਂ ਤੇ ਫਿਰ ਹਰ 4 ਸਾਲ ਬਾਦ ਮੇਲਾ ਲੱਗਦਾ ਜਿਸ ਵਿੱਚ ਜੇ ਕੋਈ ਨਹਾ ਲਏ ਤਾਂ ਅਮਰ ਹੋ ਜਾਂਦਾ ਹੈ।

(ਗੁਰੂ ਨਾਨਕ ਨੇ ਇਸ ਸਾਰੀ ਕਪੋਲ ਕਲਪਣਾ ਦਾ ਖੰਡਨ ਕੀਤਾ ਤੇ ਕਿਹਾ ਕਿ ਰੱਬ ਦੀ ਉਸਤਤ ਭਾਵ ਨਾਮ ਹੀ ਅੰਮ੍ਰਿਤ ਹੈ)




ਇਹ ਉਹ ਸਥਾਨ ਹੈ ਜਿਥੇ ਉਚਾ ਬੋਹੜ ਦਾ ਰੁੱਖ ਹੁੰਦਾ ਸੀ ਤੇ ਲੋਕ ਛਾਲ ਮਾਰਕੇ ਜਾਨ ਦੇ ਦਿੰਦੇ ਸਨ।

**ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥ ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥ ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥ ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥ ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ ॥ ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥**

ਥਾਂ ਥਾਂ ਹੋ ਰਹੇ ਇਸ ਜੁਲਮ ਦੇ ਖਿਲਾਫ ਜੋ ਗੁਰੂ ਸਾਹਿਬ ਨੇ ਆਵਾਜ਼ ਬੁਲੰਦ ਕੀਤੀ ਉਸ ਦਾ ਨੋਟਿਸ ਮੁਸਲਮਾਨ ਹੁਕਮਰਾਨਾਂ ਨੇ ਲੈ ਲਿਆ ਤੇ ਜਿੱਥੇ ਜਿਥੇ ਸੰਭਵ ਹੋਇਆ ਮਨੁੱਖੀ ਕੁਰਬਾਨੀ ਤੇ ਪਾਬੰਦੀ ਲਾਈ। ਪ੍ਰੋਫੈਸਰ ਸਾਹਿਬ ਸਿੰਘ ਨੇ ਲਿਖਿਆ ਹੈ ਕਿ ਬਾਦ ਵਿੱਚ ਬਾਦਸ਼ਾਹ ਜਹਾਂਗੀਰ ਨੇ ਇਹੋ ਜਿਹੇ ਕੁਰਬਾਨੀ ਦੇ ਥੜੇ/ਰੁੱਖ ਕਟਵਾ ਦਿੱਤੇ।

ਇਸ ਪ੍ਰਕਾਰ ਗੁਰੂ ਸਾਹਿਬ ਪਹਿਲੇ ਰਹਿਨੁਮਾ ਹੋਏ ਨੇ ਜਿੰਨੇ ਭਾਰਤੀ ਇਤਹਾਸ ਵਿੱਚ ਇਸ ਜੁਲਮ ਖਿਲਾਫ ਅਵਾਜ ਬੁਲੰਦ ਕੀਤੀ।

-----◆-----

ਬਾਬਾ ਪ੍ਰਯਾਗ ਵਿਖੇ

## 'ਗੁਰੂ ਜੀ ਸਿਮਰਨ ਤੇ ਬੈਠਦੇ ਹਾਂ ਪਰ ਮੰਨ ਨਹੀ ਲੱਗਦਾ' – ਸਾਧੂਆਂ ਨੇ ਪੁਛਿਆ

ਤ੍ਰਿਬੇਣੀ ਦੇ ਕੁੰਭ ਤੇ ਵੱਡੀ ਗਿਣਤੀ ਵਿੱਚ ਸਾਧੂ ਸੰਤ ਆਉਦੇ ਹਨ। ਦਰ ਅਸਲ ਕੁੰਭ ਮੇਲਿਆਂ ਤੇ ਅਸੂਲਨ ਹਰ ਹਿੰਦੂ ਸਾਧੂ ਆਪਣੀ ਆਪਣੀ ਸੰਪਰਦਾ ਦੇ ਇਕੱਠ ਵਿੱਚ ਪਹੁੰਚ ਹਾਜਰੀ ਲਵਾਉਂਦਾ ਹੈ। ਓਦੋਂ ਤੱਕ ਗੁਰੂ ਨਾਨਕ ਦੀ ਅਵਤਾਰੀ ਸ਼ਖਸੀਅਤ ਦਾ ਹਰ ਕਿਸੇ ਨੂੰ ਪਤਾ ਲੱਗ ਚੁੱਕਾ ਸੀ।

ਏਥੇ ਹੀ ਮੇਲੇ ਦੇ ਸਮੇਂ ਗੁਰੂ ਸਾਹਿਬ ਨੂੰ ਸਾਧੂ ਸੰਤਾਂ ਨੇ ਸਵਾਲ ਕੀਤਾ ਕਿ ਗੁਰੂ ਜੀ ਅਸੀ ਸਿਮਰਨ ਤੇ ਬੈਠਦੇ ਹਾਂ ਪਰ ਧਿਆਨ ਨਹੀ ਜੁੜਦਾ। ਮੰਨ ਕਿਤੇ ਦਾ ਕਿਤੇ ਪਹੁੰਚ ਜਾਂਦਾ ਹੈ। ਹਜਾਰਾਂ ਦੀ ਗਿਣਤੀ ਵਿੱਚ ਜੁੜੇ ਸਾਧੂਆਂ ਨੂੰ ਫਿਰ ਗੁਰੂ ਸਾਹਿਬ ਨੇ ਸਮਝਾਇਆ ਕਿ ਨਿਰੰਕਾਰ ਤੇ ਸਾਡੇ ਦਰਮਿਆਨ ਹਉਮੈ ਦੀ ਜਿਹੜੀ ਕੰਧ ਜਾਂ ਪੜਦਾ ਹੈ ਉਸ ਨੂੰ ਸਮਝਣ ਦੀ ਜਰੂਰਤ ਹੈ। ਹਉਮੈ ਭਾਵ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੀ ਖਿੱਚ ਹੀ ਸਾਡਾ ਧਿਆਨ ਨਿਰੰਕਾਰ ਜਾਂ ਸਚਾਈ ਵਲ ਨਹੀ ਲੱਗਣ ਦਿੰਦੀ।

ਸਾਧੂਆਂ ਸਵਾਲ ਕੀਤਾ ਕਿ ਇਹਦਾ ਹੱਲ ਜਾਂ ਫਿਰ ਇਲਾਜ ਕੀ ਹੈ?

ਗੁਰੂ ਸਾਹਿਬ ਨੇ ਸਮਝਾਇਆ ਕਿ ਜਦੋਂ ਤੁਸੀ ਕਰਤੇ ਦਾ ਹੁਕਮ ਸਮਝ ਜਾਓਗੇ ਤਾਂ ਇਹ ਤਰੰਗਾਂ ਤੁਹਾਨੂੰ ਤੰਗ ਨਹੀ ਕਰਨਗੀਆਂ।

### ਹੁਕਮ ਤੋਂ ਕੀ ਮਤਲਬ?

ਨਿਰੰਕਾਰ ਦੇ ਨਿਜਾਮ ਜਾਂ ਸ਼ਾਸਨ ਦੇ ਜੋ ਸਿਧਾਂਤ ਜਾਂ ਅਸੂਲ ਹਨ ਓਨਾਂ ਨੂੰ ਆਪਾਂ ਨਿਰੰਕਾਰ ਦਾ ਹੁਕਮ ਕਹਿੰਦੇ ਹਨ; ਜਿੰਨਾਂ ਸਿਧਾਤਾਂ ਕਰਕੇ ਦੁਨੀਆ ਚਲ ਰਹੀ ਹੈ ਜਾਂ ਕਾਰਜਸ਼ੀਲ ਹੈ। ਉਹਨਾਂ ਸਿਧਾਂਤਾਂ ਦੇ ਮੂਲ ਵਿੱਚ ਹੈ ਹਉਮੈ। ਕਿ ਮੈਂ ਹੀ ਸਭ ਕੁਝ ਹਾਂ। ਕਿ ਹਰ ਜੀਅ ਦਾ ਆਪਣੇ ਨਾਲ ਹੀ ਲੱਗਾਅ ਹੈ। ਸਭ ਤੋਂ ਪਹਿਲਾਂ ਮੈ। 'ਡਾਕਟਰ ਜੀ ਮੈਨੂੰ ਅਜਿਹੀ ਦਵਾਈ ਦਿਓ ਜਿਹੜਾ ਮੈਂ ਐਨ ਫਿਟ ਰਹਾਂ: ਪੂਰੀ ਤਾਕਤ ਸ਼ਕਤੀ ਨਾਲ।' 'ਇਹ ਮੇਰਾ ਘਰ ਹੈ। ਇਹ ਜਮੀਨ ਮੇਰੀ ਹੈ।' ਬੰਦਾ ਅਜਿਹੇ ਨਸ਼ੇ 'ਚ ਰਹਿੰਦਾ ਹੈ ਤੇ ਕਦੀ ਅਹਿਸਾਸ ਹੀ ਨਹੀ ਕਰਦਾ ਕਿ ਜਿਸ ਜਮੀਨ ਦੀ ਮਲਕੀਅਤ ਉਹ ਜਿਤਾ ਰਿਹਾ ਹੈ ਕਿਸੇ ਦਿਨ ਓਸੇ ਮਿੱਟੀ ਵਿੱਚ ਰਲ ਜਾਣਾ ਹੁੰਦਾ ਹੈ।

ਜੇ ਇਹ ਤੱਤ ਨਾਂ ਹੋਵੇ ਤਾਂ ਬੰਦਾ ਆਪਣੀ ਖੁੱਦੀ ਬਾਬਤ ਲਾਪਰਵਾਹ ਹੋ ਜਾਏ ਤੇ ਛੇਤੀ ਮਰ ਮੁੱਕ ਜਾਏ। ਹਰ ਬੰਦੇ ਦੀ ਹੋਂਦ ਨੂੰ ਬਣਾਏ ਰੱਖਣ ਲਈ ਇਸ ਹਉਮੈ ਦਾ ਹੋਣਾ ਵੀ ਜਰੂਰੀ ਹੈ।

ਹਉਮੈ ਦੀਆਂ ਅੱਗੇ ਫਿਰ ਪੰਜ ਕਿਸਮਾਂ ਹਨ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ। ਇਨਾਂ ਦੀ ਪਿੱਠ ਪਿੱਛੇ ਜੋ ਸਿਧਾਂਤ ਕੰਮ ਕਰ ਰਿਹਾ ਹੈ ਉਨ੍ਹੰ ਸਮਝਣ ਦੀ ਲੋੜ ਹੈ:-

**ਕਾਮ** - ਨਿਰੰਕਾਰ ਨੇ ਕਾਮ ਦੀ ਖਿੱਚ ਜੀਆਂ ਜੰਤੂਆਂ ਤੇ ਪੌਦਿਆਂ ਵਿੱਚ ਪਾਈ ਤਾਂ ਕਿ ਦੁਨੀਆ ਚਲਦੀ ਰਹੇ। ਜੇ ਕਾਮ ਦੀ ਖਿੱਚ



ਕੁਝ ਇਸ ਤਰਾਂ ਦੀ ਬੈਠਕ ਚਲ ਰਹੀ ਸੀ, ਜਦੋਂ ਸਾਧੂ ਗੁਰੂ ਸਾਹਿਬ ਨੂੰ ਅੱਗੇ ਸਵਾਲ ਕਰ ਰਹੇ ਸਨ।

**ਪੈੜ ਸਫਾ**

ਪ੍ਰੋਫੈਸਰ ਕਿਰਪਾਲ ਸਿੰਘ ਅਨੁਸਾਰ ਝੂਸੀ ਵਿਖੇ ਗੁਰੂ ਸਾਹਿਬ ਉਸ ਅਸਥਾਨ ਤੇ ਪਧਾਰੇ ਸਨ ਜਿੱਥੇ ਅਜਕਲ ਕੋਟ ਦਇਆ ਰਾਮ ਦਾ ਨਿਰਮਲ ਉਦਾਸੀ ਅਖਾੜਾ ਹੈ। ਓਥੇ ਬਕਾਇਦਾ ਗੁਰੂ ਸਾਹਿਬ ਦੀ ਯਾਦ ਵਿੱਚ ਇੱਕ ਥੜਾ ਹੁੰਦਾ ਸੀ। ਪਹਿਲਾਂ ਦਰਿਆ ਨੇ ਓਹ ਰੋੜ ਦਿੱਤਾ ਤੇ ਬਾਦ ਵਿੱਚ ਓਥੇ ਅਜ ਇਮਾਰਤਾ ਬਣ ਗਈਆ ਹਨ।

ਨਹੀ ਹੋਵੇਗੀ ਤਾਂ ਨਰ ਮਾਦਾ ਕਿਓ ਮਿਲਣਗੇ? ਇਹ ਤਰੰਗ ਹੀ ਮੇਲ ਕਰਾਉਂਦੀ ਹੈ ਜਿਸ ਦਾ ਨਤੀਜਾ ਬੱਚਾ ਜਾਂ ਆਂਡਾ ਹੁੰਦਾ ਹੈ ਤੇ ਪੌਦਿਆਂ ਵਿੱਚ ਬੀਅ ਹੁੰਦਾ ਹੈ। ਜੇ ਇਹ ਖਿੱਚ ਖਤਮ ਹੋ ਜਾਵੇ ਤਾਂ ਦੁਨੀਆਂ ਵੀ ਮੁੱਕ ਜਾਵੇ। ਸੋ ਇਸ ਦੀ ਅਸਲੀਅਤ ਨੂੰ ਸਮਝਣ ਦੀ ਜਰੂਰਤ ਹੈ।

ਫਿਰ ਸਾਧੂਆ ਪੁੱਛਿਆ ਕਿ ਇਸ ਇੱਛਾ ਨੂੰ ਕਿਵੇ ਮਾਰਿਆ ਜਾਏ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਵਿਆਹ ਕਰਵਾ ਕੇ।

ਸਾਰੇ ਸਾਧੂ ਫਿਰ ਹੱਸ ਪਏ। ਤੇ ਹੁਣ ਕੀ ਅਸੀ ਵਿਆਹ ਕਰਵਾਈਏ?

ਗੁਰੂ ਸਾਹਿਬ ਨੇ ਫਿਰ ਸਮਝਾਇਆ ਕਿ ਸੰਨਿਆਸ ਅਸੂਲਨ ਕਰਤੇ ਦੇ ਹੁਕਮ ਜਾਂ ਰਜਾ ਦੀ ਉਲੰਘਣਾ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਫਿਰ ਵੀ ਜੇ ਤੁਸਾਂ ਇਹ ਜੀਵਨ ਅਪਣਾ ਲਿਆ ਹੈ ਤਾਂ ਉਹਦਾ ਹੱਲ ਹੈ ਕਿ ਕਾਮ ਵਾਸ਼ਨਾ ਪੈਦਾ ਹੀ ਨਾਂ ਹੋਣ ਦਿਓ। ਉਹ ਕਿਸਤਰਾਂ?

ਸਰੀਰ ਨੂੰ ਸਿਰਫ ਓਨੀ ਕੁ ਖੁਰਾਕ ਦਿਓ ਜਿਸ ਨਾਲ ਇਹ ਬਸ ਤੁਰਦਾ ਫਿਰਦਾ ਰਹੇ। ਵਾਧੂ ਖੁਰਾਕ ਨੂੰ ਸਰੀਰ ਤੁਰੰਤ ਕਾਮ ਵਾਲੇ ਪਾਸੇ ਵਰਤਦਾ ਹੈ। ਵੀਰਜ ਜਾਂ ਅੰਡਾ ਬਣਨਾ ਸ਼ੁਰੂ ਹੋ ਜਾਂਦਾ ਹੈ।

ਤੇ ਅਗਲੀ ਗਲ

ਜਦੋਂ ਮੰਨ ਵਿੱਚ ਅਜਿਹਾ ਫੁਰਨਾ ਫੁਰੇ ਓਸੇ ਵੇਲੇ ਗਿਆਨ ਰਾਂਹੀ ਇਸ ਫੁਰਨੇ ਦੀ ਜੜ੍ਹ ਵਲ ਆਪੇ ਧਿਆਨ ਜਾਏਗਾ ਕਿ "ਉਹ ਇਹ ਤਾਂ ਕਰਤੇ ਦੀ ਸਾਡੇ ਨਾਲ ਚਲਾਕੀ ਹੈ।" ਜਦੋਂ ਸਾਡਾ ਮੰਨ ਸੁਚੇਤ ਹੋਵੇਗਾ ਅਸੀ ਤੁਰੰਤ ਉਸ ਚਲਾਕੀ ਨੂੰ ਭਾਂਪ ਜਾਵਾਂਗੇ ਤੇ ਲੁੱਟੇ ਜਾਣ ਤੋਂ ਬੱਚ ਜਾਵਾਂਗੇ।

**ਮੋਹ** - ਨਿਰੰਕਾਰ ਦੀ ਅਗਲੀ ਚਲਾਕੀ ਜੋ ਸਾਡੇ ਨਾਲ ਖੇਡੀ ਜਾ ਰਹੀ ਹੈ ਉਹ ਹੈ ਜਿਹੜਾ ਉਸਨੇ ਸਾਡੇ ਵਿੱਚ ਮੋਹ ਦੀ ਵਾਸ਼ਨਾ ਪਾਈ ਹੈ। ਇਸ ਨੂੰ ਸਮਝਣ ਦੀ ਜਰੂਰਤ ਹੈ।

ਸਮਝੋ ਕਿ ਨਰ ਤੇ ਮਾਦਾ ਵਿੱਚ ਕਾਮ ਉਤਪੰਨ ਹੋਇਆ। ਨਤੀਜਾ ਨਿਕਲਿਆ ਬੱਚਾ। ਭਾਈ ਜੇ ਇਹ ਮੋਹ ਦਾ ਤੱਤ ਨਾਂ ਹੋਵੇ ਤਾਂ ਬੱਚੇ ਨੂੰ ਕੌਣ ਪਾਲੇਗਾ। ਬੱਚੇ ਤਾਂ ਫਿਰ ਗਲੀਆਂ ਬਾਜਾਰਾਂ ਸੜ੍ਹਕਾਂ ਤੇ ਰੁਲਣਗੇ। ਇਹ ਮੋਹ ਦਾ ਹੀ ਚਮਤਕਾਰ ਹੈ ਕਿ ਮਾਂ ਬਾਪ ਆਪ ਔਖੇ ਰਹਿ ਕੇ ਬੱਚੇ ਨੂੰ ਸੁਖੀ ਕਰਨ ਦੀ ਕੋਸ਼ਿਸ਼ ਵਿੱਚ ਹੁੰਦੇ ਹਨ। ਇਹ ਮੋਹ ਨੇ ਹੀ ਸਾਰਾ ਪ੍ਰਵਾਰ ਇੱਕ ਸੂਤ ਵਿੱਚ ਪਰੋਣਾ ਹੁੰਦਾ ਹੈ।

ਕਰਤੇ ਦੀ ਖੇਡ ਨੂੰ ਸਮਝਣ ਦੀ ਲੋੜ ਹੈ। ਜਦੋਂ ਬੱਚਾ ਛੋਟਾ ਜਾਂ ਮਜਬੂਰ ਹੁੰਦਾ ਹੈ ਤਾਂ ਮਾਂ ਬਾਪ ਦੇ ਸਹਾਰੇ ਕਰਕੇ ਹੀ ਜੀਂਦਾ ਹੈ ਉਹੋ ਬੱਚਾ ਜਦੋਂ ਵੱਡਾ ਹੋ ਜਾਂਦਾ ਹੈ ਤਾਂ ਮੋਹ ਘਟ ਜਾਂਦਾ ਹੈ। ਮਾਂ ਬਾਪ ਉਨੂੰ ਘਰੋ ਕੱਢ ਦਿੰਦੇ ਨੇ ਕਿ ਜਾ ਕਮਾ ਤੇ ਸਾਨੂੰ ਵੀ ਮੋੜ।

ਜਿਓ ਹੀ ਬੱਚਾ ਵੱਡਾ ਹੋ ਜਾਂਦਾ ਹੈ ਤਾਂ ਬਚਪਨ ਵਾਲਾ ਮੋਹ ਮੁੱਕ ਜਾਂਦਾ ਹੈ। ਭੈਣ ਭਰਾ ਵੀ ਹੌਲੀ ਹੌਲੀ ਫਿਰ ਸ਼ਰੀਕ ਦਾ ਰੂਪ ਧਾਰਨ ਕਰਨ ਲੱਗ ਜਾਂਦੇ ਨੇ।

ਸੋ ਜਦੋਂ ਸਿਮਰਨ ਵੇਲੇ ਮੋਹ ਦੀ ਤਰੰਗ ਤੁਹਾਨੂੰ ਤੰਗ ਕਰੇ ਤਾਂ ਗਿਆਨ ਰਾਂਹੀ ਕਰਤੇ ਦੀ ਇਸ ਚਲਾਕੀ ਨੂੰ ਸਮਝ ਲੈਣਾ।

**ਕ੍ਰੋਧ** - ਨਿਰੰਕਾਰ ਨੇ ਅਗਲੀ ਵਾਸ਼ਨਾ ਜੋ ਪਾਈ ਉਹ ਹੈ ਕ੍ਰੋਧ ਜਾਂ ਗੁੱਸਾ। ਜੀਅ ਦੇ ਮੁਫਾਦ ਤੇ ਜਦੋਂ ਕੋਈ ਹਮਲਾ ਕਰਦਾ ਹੈ ਤਾਂ ਜੀਅ ਨੂੰ ਗੁੱਸਾ ਆਉਂਦਾ ਹੈ ਜਿਸ ਕਰਕੇ ਫਿਰ ਉਹ ਆਪਣਾ ਮੁਫਾਦ ਹਰ ਤਰੀਕੇ ਬਚਾਉਂਦਾ ਹੈ। 'ਮੇਰੇ ਬੱਚੇ ਵਲ ਤੇਰੀ ਮਾੜੀ ਨਿਗਾਹ ਕਿਓ ਹੋਵੇ?' 'ਇਹ ਮੇਰੀ ਵਹੁਟੀ ਹੈ!' ਸੋ ਕਾਮ ਰਾਂਹੀ ਜੋ ਹਉਮੇ ਤਹਿਤ ਜੋ ਚੀਜ ਹਾਸਲ ਹੋਈ ਸੀ ਉਨੂੰ ਬਚਾਈ ਰੱਖਣ ਵਾਸਤੇ ਫਿਰ ਕ੍ਰੋਧ ਮਹਾਰਾਜ ਹੁੰਦੇ ਨੇ। ਲੜਾਈਆਂ ਦੀ ਜੜ੍ਹ ਕ੍ਰੋਧ ਹੀ ਹੁੰਦਾ ਹੈ ਭਾਵੇ ਉਹ ਸ਼ਖਸੀ ਲੜਾਈ ਹੋਵੇ ਭਾਵੇ ਕਿਸੇ ਫਿਰਕੇ ਦੀ ਭਾਵੇ ਕੌਮਾਂ ਦੀ।

ਸੋ ਜਦੋਂ ਤੁਸੀ ਫੁਰਸਤ ਵਿੱਚ ਹੁੰਦੇ ਹੋ ਮਨ ਵਿੱਚ ਆਇਆ ਕਿ ਕਰਤੇ ਕਰਤਾਰ ਨੂੰ ਯਾਦ ਕਰ ਲਿਆ ਜਾਵੇ ਤਾਂ ਉਦੋਂ ਕਦੀ ਕ੍ਰੋਧ ਆ ਸਤਾਉਂਦਾ ਹੈ। "ਉਹ ਆਪਣੀ ਘੋੜੀ ਛੱਡ ਕੇ ਮੇਰੀ ਲੈ ਗਿਆ।" "ਆਹ ਵੇਖੋ ਗਲੀ ਵਿੱਚ ਝਾੜੂ ਲਾ ਕੇ ਕੂੜਾ ਸਾਡੇ ਵਲ ਨੂੰ ਕਰ ਦਿੱਤਾ ਹੈ" "ਉਹ ਕੌਣ ਹੋਵੇ ਮੇਰੇ ਪੱਪੂ ਨੂੰ ਹੱਥ ਲਾਉਣ ਵਾਲਾ? ਮੈਂ ਕਦੀ ਉਹਦੇ ਮੁੰਡੇ ਨੂੰ ਛੇੜਿਆ ਵਾ!"

ਸੋ ਨਿਰੰਕਾਰ ਦਾ ਤੀਸਰਾ ਮੋਹਰਾ ਹੈ ਕ੍ਰੋਧ ਜੋ ਤੁਹਾਡਾ ਧਿਆਨ ਭਟਕਾਅ ਦਿੰਦਾ ਹੈ। ਜਦੋਂ ਤੁਹਾਨੂੰ ਕ੍ਰੋਧ ਆਵੇ ਤਾਂ ਓਸੇ ਵੇਲੇ ਧਿਆਨ ਕਰਨਾਂ ਭਈ ਇਹ ਤਾਂ ਨਿਰੰਕਾਰ ਦੀ ਚਲਾਕੀ ਹੈ।

**ਲੋਭ** - ਬੰਦਾ ਆਪਣਾ ਭਵਿਖ ਸੰਵਾਰਨਾ ਚਾਹੁੰਦਾ ਹੈ। ਉਹ ਭਵਿਖ ਵਾਸਤੇ ਸੁਰਖਰੂ ਹੋਣਾ ਚਾਹੁੰਦਾ ਹੈ ਕਿ ਆਉਣ ਵਾਲੇ ਵਕਤ ਵਿੱਚ ਮੈਨੂੰ ਕੋਈ ਤੰਗੀ ਨਾਂ ਆਵੇ। ਮੌਕੇ ਤੇ ਜਿੰਨੀ ਉਨੂੰ ਜਰੂਰਤ ਹੁੰਦੀ ਹੈ ਉਸ ਤੋਂ ਵੱਧ ਲੈਣਾ ਚਾਹੁੰਦਾ ਹੈ। ਉਹ ਸਕੀਮਾਂ ਘੜਦਾ ਹੈ। ਉਹ ਬਚਤ ਕਰਦਾ ਹੈ। ਹੋਰ ਨਹੀ ਤਾਂ ਬਗਾਨੇ ਘਰ ਜਾਏ ਤਾਂ ਆਪਣਾ ਢਿੱਡ ਹੀ ਵਿਤੋਂ ਵੱਧ ਭਰ ਲੈਂਦਾ ਹੈ। ਉਂਜ ਬਾਦ ਵਿੱਚ ਬਦਹਜ਼ਮੀ ਕਾਰਨ ਤੰਗ ਹੁੰਦਾ ਹੈ। ਕਿਉਕਿ ਬੰਦਾ ਰਜਾ ਜਾਂ ਭਾਣੇ ਦਾ ਸਿਧਾਂਤ ਨਹੀ ਸਮਝਦਾ। ਓਨੂੰ ਭਰੋਸਾ ਨਹੀ ਹੁੰਦਾ ਕਿ ਕਲ ਨੂੰ ਰੋਟੀ ਮਿਲਣੀ ਹੈ ਕਿ ਨਹੀ। ਉਹ ਸਮਝਦਾ ਹੈ ਕਿ ਜੇ ਰੱਬ ਹੀ ਦਿੰਦਾ ਹੋਵੇ ਤਾਂ ਹਜ਼ਾਰਾਂ ਲੋਕ ਭੁੱਖ ਨਾਲ ਨਾਂ ਮਰਨ। ਉਹ ਕਰਤੇ ਦੀ ਖੇਡ ਨੂੰ ਸਮਝਣ ਤੋਂ ਅਸਮਰਥ ਹੈ। ਉਨੂੰ ਅਹਿਸਾਸ ਨਹੀ ਕਿ ਜਿੰਨਾਂ ਅਰਬਾਂ ਖਰਬਾਂ ਜੋੜੇ ਸਨ ਅੰਤ ਨੂੰ ਉਹ ਵੀ ਖਾਲੀ ਹੱਥ ਹੀ ਇਥੋ ਰਵਾਨਾ ਹੁੰਦੇ ਨੇ।

ਸੋ ਜਦੋਂ ਤੁਹਾਨੂੰ ਲੋਭ ਜਾਂ ਲਾਲਚ ਸਤਾਏ ਤਾਂ ਉਦੋਂ ਨਿਰੰਕਾਰ ਦੀ ਰਜਾ ਦੇ ਸਿਧਾਂਤ ਨੂੰ ਯਾਦ ਕਰਨਾਂ।

**ਹੰਕਾਰ**- ਹਉਮੇ, ਕਾਮ, ਮੋਹ, ਗੁੱਸੇ ਤੇ ਲਾਲਚ ਰਾਂਹੀ ਜੋ ਕੁਝ ਬੰਦਾ ਪੈਦਾ ਕਰਦਾ ਹੈ ਫਿਰ ਉਨੂੰ ਉਸ ਵਸਤੂ ਤੇ ਮਾਣ ਮਹਿਸੂਸ ਹੁੰਦਾ ਹੈ। ਜੋ ਵੀ ਉਸ ਨੇ ਪ੍ਰਾਪਤ ਕੀਤਾ ਹੁੰਦਾ ਹੈ ਉਹ ਸਮਝਦਾ ਹੈ ਕਿ ਇਹ ਉਹਦੀ ਅਕਲ ਕਰਕੇ ਹੋਇਆ ਹੈ। "ਭਾਜੀ, ਉਹ ਮੋਹਨ ਸਿੰਘ ਨੂੰ ਪਤਾ ਹੀ ਨਹੀ ਸੀ ਕਿ ਪਰਸੋਂ ਦਾ ਸੂਤ ਦਾ ਭਾਅ ਬਹੁਤ ਵੱਧ ਗਇਆ ਹੈ ਉਹਨੇ ਜਿਵੇ ਆਪਣਾ ਭਾਅ ਦੱਸਿਆ ਮੈਂ

ਉਹਦਾ ਸਾਰਾ ਸਟਾਕ ਖਰੀਦ ਲਿਆ ਜਿਸ ਕਰਕੇ ਮੋਟਾ ਮੁਨਾਫਾ ਆਪਾਂ ਨੂੰ ਹੋਇਐ। ਵਪਾਰੀ ਉਹ ਜੋ ਮੌਕੇ ਤੇ ਸੱਟ ਮਾਰੇ। "

ਸੋ ਮੋਹ ਕਾਰਨ ਉਨੂੰ ਆਪਣਾ ਹਰ ਫੈਸਲਾ ਜਾਂ ਆਪਣੀ ਹਰ ਚੀਜ਼ ਦੂਸਰੇ ਨਾਲੋ ਚੰਗੀ ਲੱਗਦੀ ਹੈ ਫਿਰ ਉਸ ਤੇ ਉਹ ਫਖਰ ਮਹਿਸੂਸ ਕਰਦਾ ਹੈ। ਦੁਨੀਆ ਦੇ ਬਹੁਤੇ ਪੁਆੜਿਆਂ ਦੀ ਜੜ੍ਹ ਵਿੱਚ ਇਹ ਮਾਣ ਜਾਂ ਹੰਕਾਰ ਹੀ ਹੁੰਦਾ ਹੈ।

ਸੋ ਹਊਮੈ (ਭਾਵ ਇਹ ਪੰਜ ਵਾਸ਼ਨਾਵਾਂ) ਹੀ ਸਾਡੀ ਸੁਰਤ ਨਹੀ ਬੱਝਣ ਦਿੰਦੀਆਂ। ਇਨਾਂ ਨੂੰ ਗਿਆਨ ਨਾਲ ਹੀ ਬੰਨਿਆ ਜਾ ਸਕਦਾ ਹੈ। ਗੁਰਬਾਣੀ ਰਾਂਹੀ ਹੀ ਸਾਨੂੰ ਇਹ ਰੂਹਾਨੀ ਗਿਆਨ ਮਿਲਦਾ ਹੈ ਜਦੋਂ ਉਹ ਬਾਰ ਬਾਰ ਸਾਨੂੰ ਆਖਰੀ ਸਚਾਈ ਦਸਦੀ ਹੈ ਕਿ ਬੰਦਿਆ ਇੱਕ ਦਿਨ ਇਹ ਸਭ ਕੁਝ ਛੱਡਣਾ ਪੈਣਾ ਈ।

ਯਾਦ ਰੱਖਣਾ, ਹਊਮੇ ਤੋਂ ਪੂਰੀ ਤਰਾਂ ਮੁਕਤ ਨਹੀ ਹੋਇਆ ਜਾ ਸਕਦਾ। ਇਹਦੇ ਤੇ ਸੰਜਮ ਦੀ ਜਰੂਰਤ ਹੈ। ਗੁਰੂ ਦਾ ਸਿੱਖ ਸਨਿਆਸ ਨਹੀ ਲੈ ਸਕਦਾ। ਓਹਨੇ ਮਾਇਆ ਵਿੱਚ ਰਹਿ ਕੇ ਹੀ ਆਪਣੇ ਤੇ ਕੰਟਰੋਲ ਕਰਨਾਂ ਹੈ ਸੱਚ ਦਾ ਧਾਰਨੀ ਬਣਨਾ, ਧਰਮ ਦੀ ਕਿਰਤ ਕਰਨੀ ਹੈ ਤੇ ਫਿਰ ਉਨੂੰ ਜਰੂਰਤ ਅਨੁਸਾਰ ਵਰਤਣਾ ਹੈ ਤੇ ਵੰਡਣ ਦੇ ਸਿਧਾਂਤ ਨੂੰ ਜੀਵਨ ਵਿੱਚ ਅਪਣਾਉਣਾ ਹੈ।

ਇਸ ਸਿਧਾਂਤ ਨੂੰ ਪੱਕਾ ਕਰਨ ਖਾਤਰ ਜਰੂਰੀ ਹੈ ਕਿ ਬੰਦਾ ਨਿਤਨੇਮ ਨਾਲ ਗੁਰਬਾਣੀ ਦਾ ਪਾਠ ਕਰੇ ਸੁਣੇ। ਬਾਰ ਬਾਰ ਇਹ ਗਲ ਸੁਣਨ, ਪੜਨ ਨਾਲ ਸਾਡੇ ਮੰਨ ਵਿੱਚ ਪਕਿਆਈ ਆਉਦੀ ਹੈ। ਉਹਦਾ ਜੱਸ ਗਾ ਗਾ ਕੇ ਕਰੋ

ਗੁਰੂ ਸਾਹਿਬ ਨੇ ਹੋਰ ਨੁਕਤਾ ਵੀ ਦੱਸਿਆ ਕਿ ਨਿਰੰਕਾਰ ਦਾ ਜੱਸ ਜਾਂ ਉਸਤਤ ਜਾਂ ਗੁਰਬਾਣੀ ਗਾ ਗਾ ਕੇ ਪੜੋ ਫਿਰ ਧਿਆਨ ਨਹੀ ਭਟਕੇਗਾ। ਯਾਦ ਰਹੇ ਜੇ ਤੁਸੀ ਇਕਾਂਤ ਵਿਚ ਚੌਕੜੀ ਮਾਰ ਕੇ ਬਹਿ ਜਾਓ ਤੇ ਸਮਝ ਕਿ ਤੁਹਾਡੀ ਸੁਰਤ ਨਿਰੰਕਾਰ ਤੇ ਕੇਂਦਰਤ ਹੋ ਜਾਏਗੀ ਤਾਂ ਇਹ ਤੁਹਾਡੀ ਭੁੱਲ ਹੈ।


ਕੁਝ ਅਜਿਹਾ ਉਪਦੇਸ਼ ਜਦੋਂ ਗੁਰੂ ਸਾਹਿਬ ਨੇ ਗੰਗਾ ਜਮਨਾ ਕਿਨਾਰੇ ਦਿੱਤਾ ਤਾਂ ਸਤਿਨਾਮ ਦਾ ਅਵਾਜਾ ਉਠਿਆ। 'ਸਤਿਨਾਮੁ, ਸਤਿ ਕਰਤਾਰ'।

ਸਾਹਿਬ ਨੇ ਫਿਰ ਮਰਦਾਨੇ ਨੂੰ ਇਸ਼ਾਰਾ ਕੀਤਾ ਕਿ ਕੱਸ ਜਰਾ ਰਬਾਬ ਦੀਆਂ ਤਾਰਾਂ ਤੇ ਸ਼ਬਦ ਉਚਾਰਿਆ।

ਸਿਰੀਰਾਗੁ ਮਹਲਾ ੧ ॥ ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪॥੪॥

ਅੰਦਾਜ਼ਨ ਮਹੀਨਾ ਭਰ ਸਾਹਿਬ ਨੇ ਕੁੰਭ ਪ੍ਰਯਾਗਰਾਜ ਵਿਖੇ ਨਾਮ ਦੇ ਸਿਧਾਂਤ ਦਾ ਪ੍ਰਚਾਰ ਕੀਤਾ।

-----◆-----




## ਚਿਤ੍ਰਕੂਟ ਵਲ ਕੂਚ

ਜਦੋਂ ਸਾਹਿਬ ਪ੍ਰਯਾਗ ਵਿਖੇ ਡੇਰਾ ਲਾਈ ਬੈਠੇ ਸਨ ਤਾਂ ਪਤਾ ਲੱਗਾ ਕਿ ਕੁਝ ਸਾਧੂ ਚਿਤ੍ਰਕੂਟ ਵਲ ਜਾ ਰਹੇ ਨੇ। ਚਿਤ੍ਰਕੂਟ ਓਥੋਂ ਪੈਦਲ ਕੋਈ 100 ਕੁ ਕਿਲੋਮੀਟਰ ਪੈਂਦਾ ਹੈ। ਮਉ ਤੱਕ ਸਾਹਿਬ ਜਮਨਾ ਵਿੱਚ ਕਿਸ਼ਤੀ ਰਾਂਹੀ ਗਏ ਤੇ ਅੱਗੇ ਪੈਦਲ।

ਚਿਤ੍ਰਕੂਟ (ਜਿਲਾ ਸਤਨਾ, ਮੱਧ ਪ੍ਰਦੇਸ) ਰਮਾਇਣ ਦਾ ਉਹ ਜੰਗਲੀ ਇਲਾਕਾ ਹੈ ਜਿੱਥੇ ਭਗਵਾਨ ਰਾਮ ਬਣਵਾਸ ਸਮੇ ਕਾਫੀ ਸਮਾਂ ਰਹੇ। ਇਥੇ ਹੀ ਇਨਾਂ ਦਾ ਛੋਟਾ ਭਰਾ ਭਰਤ ਇਨਾਂ ਨੂੰ ਮਨਾਉਣ ਵਾਸਤੇ ਆ ਕੇ ਮਿਲਿਆ ਸੀ। ਚਿਤ੍ਰਕੂਟ ਦਾ ਜੰਗਲੀ ਪਹਾੜੀ ਇਲਾਕਾ ਕੋਈ 50 ਕਿਲੋਮੀਟਰ ਦੇ ਨਿਸਫ-ਕਤਰ (ਰੇਡੀਅਸ) ਵਿੱਚ ਯੂ ਪੀ ਤੇ ਐਮ ਪੀ ਦੋਵਾਂ ਸੂਬਿਆਂ ਵਿੱਚ ਵੰਡਿਆ ਪਿਆ ਹੈ। ਵਿੱਚ ਜਿਹੜਾ ਨਾਲਾ ਨਿਕਲਦਾ ਹੈ ਉਨੂੰ ਇਹ ਮੰਦਾਕਨੀ ਨਦੀ ਕਹਿੰਦੇ ਹਨ। ਇਥੇ ਰਾਮ-ਘਾਟ, ਕਮੱਦਗਿਰੀ ਪਹਾੜੀ, ਭਰਤ ਮਿਲਾਪ, ਜਾਨਕੀ ਕੁੰਡ, ਹਨੂੰਮਾਨ ਧਾਰਾ, ਰਾਮ ਛਈਆ ਜਿਹੇ ਸਥਾਨ ਨੇ ਜਿੱਥੇ ਸ਼ਰਧਾਲੂ ਨਤਮਸਤਕ ਹੁੰਦੇ ਹਨ।

ਇਥੇ ਵੀ ਗੁਰੂ ਸਾਹਿਬ ਨੇ ਸਾਧੂਆਂ ਤੇ ਸ਼ਰਧਾਲੂਆਂ ਨੂੰ ਉਸ ਅਜਿਹੇ ਭਗਵਾਨ ਨਾਲ ਜੋੜਿਆ ਜਿਹਦੀ ਅਰਾਧਨਾ ਰਾਮ ਤੇ ਹੋਰ ਭਗਵਾਨ ਕਰਦੇ ਸਨ। ਉਨਾਂ ਨੂੰ ਸਮਝਾਇਆਂ ਕਿ ਨਿਰਾ ਤੀਰਥ ਯਾਤਰਾ ਨਾਲ ਮੁਕਤੀ ਨਹੀ। ਮੁਕਤੀ 'ਨਾਮ' ਹੈ ਜੋ ਗੁਰੂ ਦੇ ਦਰ ਤੋਂ ਮਿਲਦਾ ਹੈ:

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ**

**ਪੈੜ ਸਫ਼ਾ**

ਗਿਆਨੀ ਜੀ ਨੇ ਗੁਰੂ ਸਾਹਿਬ ਚਿਤ੍ਰਕੂਟ ਪਹਿਲੀ ਉਦਾਸੀ ਦੀ ਵਾਪਸੀ ਵੇਲੇ ਅਮਰਕੰਟਕ ਤੋਂ ਆਉਣਾ ਲਿਖਿਆ ਹੈ ਜੋ ਸਾਰਥਕ ਨਹੀ ਲੱਗਦਾ।

ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਜੋਗੀ ਰਾਜ ਮਈਅਰ ਵੀ ਗਏ। ਪਰ ਜੇ ਧਿਆਨ ਦਈਏ ਤਾਂ ਇਥੇ ਜੋਗੀਆਂ ਨੂੰ ਰਾਜ 1778 ਈ ਵਿੱਚ ਹੀ ਮਿਲਦਾ ਹੈ ਉਹ ਵੀ ਓਰਛਾ ਦੇ ਰਾਜੇ ਨੇ ਉਨਾਂ ਨੂੰ ਜਗੀਰ ਦੇ ਦਿੱਤੀ ਸੀ। ਫਿਰ ਵੀ ਮਜਮੂਨ ਹੋਰ ਖੋਜ ਮੰਗਦਾ ਹੈ।

ਗਿਆਨੀ ਜੀ ਅਨੁਸਾਰ ਇਸੇ ਇਲਾਕੇ ਵਿੱਚ ਹੀ ਹੇਠ-ਸ਼ੱਸ਼ੋਭਿਤ ਸ਼ਬਦ ਰਚਿਆ ਸੀ:

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥ ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥ ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥ ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥ ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥ ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥

ਇਥੇ ਗਿਆਨੀ ਜੀ ਲੱਗਦਾ ਟਪਲਾ ਖਾ ਗਏ ਹਨ ਕਿਉਕਿ ਮਈਅਰ ਵਿਖੇ ਦੱਤਾਤ੍ਰਿਆ ਮੰਦਰ ਹੈ ਹੀ ਨਹੀ ਤੇ ਦੂਸਰਾ ਜਿਹੜਾ ਸ਼ਬਦ ਉਨਾਂ ਰਚਨ ਦੀ ਗਲ ਕੀਤੀ ਹੈ ਉਹ ਚੌਥੇ ਗੁਰੂ ਸਾਹਿਬ ਦਾ ਹੈ। ਸੁਰਿੰਦਰ ਸਿੰਘ ਕੋਹਲੀ ਜੀ ਨੇ ਵੀ ਗਿਆਨੀ ਜੀ ਦੀ ਗਲ ਤੇ ਫੁਲ ਚੜਾਉਦੇ ਹੋਏ ਇਹੋ ਕੁਝ ਲਿਖ ਦਿੱਤਾ ਹੈ। ਫਿਰ ਗੁਰੂ ਸਾਹਿਬ ਦਾ ਪਿੰਡ ਫਰੀਦਵਾੜਾ ਜਾਣ ਦਾ ਲਿਖਿਆ ਹੈ। ਸਾਨੂੰ ਤਾਂ ਮੱਧ ਪ੍ਰਦੇਸ ਵਿੱਚ ਕਿਤੇ ਇਸ ਨਾਂ ਦਾ ਪਿੰਡ ਨਹੀ ਮਿਲਿਆ।

## ਬਨਾਰਸ



॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥ (ਪੂਰਾ ਸ਼ਬਦ ਵੇਖੋ ਸਫਾ -496)

ਚਿਤ੍ਰਕੂਟ ਤੋਂ ਸਾਹਿਬ ਵਾਪਸ ਪ੍ਰਯਾਗ ਅਲਾਹਾਬਾਦ ਆ ਗਏ।

-----◈-----

### ਬਾਬਾ ਬਨਾਰਸ ਵਿੱਚ

ਝੂਸੀ (ਪ੍ਰਯਾਗ/ਅਲਾਹਾਬਾਦ) ਤੋਂ ਕੋਈ 75 ਕਿਲੋਮੀਟਰ ਪੂਰਬ ਦਾ ਸਫਰ ਹੈ ਬਨਾਰਸ। ਬਨਾਰਸ ਜਾਂ ਕਾਂਸ਼ੀ ਜਾਂ ਵਾਰਾਨਸੀ ਨਾਂ ਦਾ ਇਹ ਸ਼ਹਿਰ ਇੱਕ ਤਰਾਂ ਨਾਲ ਹਿੰਦੂ ਧਰਮ ਦਾ ਧੁਰਾ ਹੈ ਜਿਸ ਤਰਾਂ ਸਿੱਖਾਂ ਦਾ ਅੰਮ੍ਰਿਤਸਰ ਹੈ। ਇਹ ਹਿੰਦੁਸਤਾਨ ਦਾ ਸਭ ਤੋਂ ਪੁਰਾਣਾ ਸ਼ਹਿਰ ਹੈ ਤੇ ਦੁਨੀਆ ਦੇ ਪੁਰਾਤਨ ਸ਼ਹਿਰਾਂ ਵਿੱਚੋ ਇੱਕ।

ਹਿੰਦੂ ਮਿਥਿਆਸ ਅਨੁਸਾਰ ਇਹ ਸ਼ਿਵ ਜੀ ਦੀ ਨਗਰੀ ਗਿਣੀ ਗਈ ਹੈ। ਜਿਵੇ ਬ੍ਰਹਮਾ ਪੈਦਾ ਕਰਨ ਵਾਲਾ, ਵਿਸ਼ਨੂੰ ਰਿਜਕ ਦੇਣ ਵਾਲਾ ਤੇ ਸ਼ਿਵ ਜੀ ਮੌਤ ਜਾਂ ਉਧਾਰ ਕਰਨ ਵਾਲਾ ਹੈ। ਹਿੰਦੂਆ ਦਾ ਮੰਨਣਾ ਹੈ ਕਿ ਭਗਵਾਨ ਸ਼ਿਵ ਜੀ ਨੇ ਭਗਵਾਨ ਬ੍ਰਹਮਾ ਦੇ ਚਾਰ ਸਿਰਾਂ ਵਿੱਚੋਂ ਇੱਕ ਵੱਢ ਲਿਆ ਸੀ। ਜਿਵੇ ਕਿ ਪੁਰਾਣੇ ਸਮਿਆਂ ਵਿੱਚ ਹੁੰਦਾ ਸੀ ਜੇਤੂ ਲੜਾਕਾ ਵੱਢੇ ਹੋਏ ਸਿਰ ਨੂੰ ਟਰਾਫੀ ਦੀ ਤਰਾਂ ਉੱਚਾ ਕਰ ਕੇ ਲੈ ਕੇ ਚਲਦਾ ਸੀ, ਸ਼ਿਵ ਜੀ ਵੀ ਬ੍ਰਹਮਾ ਦਾ ਸਿਰ ਤ੍ਰਿਸ਼ੂਲ ਤੇ ਟੰਗ ਕੇ ਫਿਰ ਰਹੇ ਸਨ।

ਪਰ ਜਦੋਂ ਭਗਵਾਨ ਸ਼ਿਵ, ਕਾਂਸ਼ੀ ਪਹੁੰਚੇ ਤਾਂ ਬ੍ਰਹਮਾ ਦਾ ਸਿਰ ਅਲੋਪ ਹੋ ਗਇਆ ਤੇ ਇਸ ਪ੍ਰਕਾਰ ਬ੍ਰਹਮਾ ਦਾ ਉਧਾਰ ਹੋ ਗਿਆ, ਜਿਸ ਦਾ ਭਗਵਾਨ ਸ਼ਿਵ ਨਿਰਾਦਰ ਕਰ ਰਹੇ ਸਨ। ਏਸੇ ਕਰਕੇ ਹੀ ਹਿੰਦੂਆਂ ਦਾ ਮੰਨਣਾ ਹੈ ਕਿ ਜਿਹੜਾ ਕਾਸ਼ੀ ਵਿਖੇ ਸਰੀਰ ਤਿਆਗੇਗਾ ਉਹਦਾ ਉਧਾਰ ਹੋ ਜਾਵੇਗਾ ਤੇ ਉਹ ਸਿੱਧਾ ਸਵੱਰਗਾਂ ਨੂੰ ਜਾਏਗਾ। ਏਹੋ ਕਾਰਨ ਹੈ ਕਿ ਬਨਾਰਸ ਅੱਜ ਵੀ ਹਿੰਦੂਆਂ ਦਾ ਇੱਕ ਤਰਾਂ ਨਾਲ ਸ਼ਮਸ਼ਾਨ ਘਾਟ ਹੈ।

ਕਾਂਸ਼ੀ ਦਾ ਜਿਕਰ ਸਭ ਤੋਂ ਪੁਰਾਣੇ ਭਾਵ ਰਿਗਵੇਦ ਵਿੱਚ ਵੀ ਆਉਦਾ ਹੈ।

ਇਥੋ ਹੀ 8ਵੀ ਸਦੀ ਵਿੱਚ ਆਦਿ ਸ਼ੰਕਰਾਚਾਰੀਆ ਨੇ ਭਗਵਾਨ ਸ਼ਿਵ ਦੀ ਅਰਾਧਨਾ ਦੀ ਸੰਪਰਦਾ ਖੜੀ ਕਰਕੇ ਸ਼ਿਵ ਜੀ ਦੀ ਅਰਾਧਨਾ ਸ਼ੁਰੂ ਕਰਵਾਈ।

ਇਥੇ ਹੀ ਸਾਰਨਾਥ ਨਾਂ ਦਾ ਸਥਾਨ ਹੈ ਜਿਥੋਂ 528 ਈਸਾ ਪੂਰਬ ਮਹਾਤਮਾ ਬੁੱਧ ਨੇ ਧਾਰਮਿਕ ਪ੍ਰਚਾਰ ਦੀ ਸ਼ੁਰੂਆਤ ਕੀਤੀ ਸੀ। ਭਗਤ ਕਬੀਰ ਸਾਹਿਬ ਵੀ ਏਸੇ ਸ਼ਹਿਰ ਦੇ ਹੋਏ ਹਨ। ਤੁਲਸੀ ਦਾਸ ਨੇ ਰਮਾਇਣ ਵੀ ਏਸੇ ਸ਼ਹਿਰ ਵਿੱਚ ਰਹਿੰਦਿਆਂ ਲਿਖੀ ਸੀ। ਬਨਾਰਸ ਦੀਆਂ ਲਿਖਤਾਂ ਮੁਤਾਬਿਕ ਗੁਰੂ ਸਾਹਿਬ ਇਥੇ ਸ਼ਿਵਰਾਤਰੀ ਦੇ ਮੌਕੇ ਆਏ ਸਨ।

ਕਿਉਕਿ ਸਮੇਂ ਸਮੇਂ ਬ੍ਰਾਹਮਣ ਲੋਕ ਸ਼ਰਧਾਲੂ ਦੇ ਸ਼ੋਸ਼ਣ ਵਿੱਚ ਅੱਤ ਕਰ ਦਿੰਦੇ ਸਨ ਜਿਸ ਕਰਕੇ ਮੁਸਲਮਾਨ ਹੁਕਮਰਾਨਾਂ ਨੂੰ ਬਹਾਨਾ ਮਿਲ ਜਾਂਦਾ ਸੀ ਸ਼ਹਿਰ ਦੇ ਮੰਦਰਾਂ ਨੂੰ ਲੁੱਟਣ ਪੁੱਟਣ ਦਾ। ਕਿਹਾ ਜਾਂਦਾ ਹੈ ਕਿ ਕੁਤੁਬਦੀਨ ਐਬਕ ਨੇ ਇਥੋਂ ਦੇ ਸੈਕੜੇ ਮੰਦਰ ਢਾਹ ਸੁੱਟੇ ਤੇ 1400 ਉਠ ਭਰ ਕੇ ਇਥੋਂ ਸੋਨਾ ਲੁੱਟਿਆ। ਅਕਬਰ ਨੂੰ ਛੱਡ ਬਾਕੀ ਲੱਗਪਗ ਬਹੁਤੇ ਮੁਸਲਮਾਨ ਸ਼ਾਸਕਾਂ ਨੇ ਬਨਾਰਸ ਨੂੰ ਲੁੱਟਿਆ ਤੇ ਬਰਬਾਦ ਕੀਤਾ।

ਇਥੇ ਵੀ ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਸੁਚੇਤ ਕੀਤਾ ਕਿ ਸ਼ਰਧਾਲੂ ਦਾ ਸ਼ੋਸ਼ਣ ਤੁਹਾਡੇ ਵਾਸਤੇ ਖੁਦਕਸ਼ੀ ਨਿਆਈ ਹੈ। ਸੋ ਸਰੀਰ ਨੂੰ ਕੋਹ ਕੇ ਨਿਰੰਕਾਰ ਦੀ ਖੁਸ਼ੀ ਪ੍ਰਾਪਤ ਕਰਨ ਦੇ ਸਿਧਾਂਤ ਦਾ ਏਥੇ ਵੀ ਖੰਡਣ ਕੀਤਾ। ਕਰਮ ਕਾਂਡ ਦਾ ਖੰਡਨ ਤਾਂ ਸਾਹਿਬ ਥਾਂ ਥਾਂ ਕਰਦੇ ਹੀ ਸਨ। ਸ਼ਿਵਰਾਤਰੀ ਮੌਕੇ ਪਹੁੰਚੇ ਵੱਡੀ ਗਿਣਤੀ ਵਿੱਚ ਸਾਧੂ ਸੰਤਾਂ ਨੂੰ ਨਾਮ ਦੇ ਸਿਧਾਂਤ ਤੋਂ ਜਾਣੂ ਕਰਵਾਇਆ।

-----◈-----

ਬਾਬਾ ਬਨਾਰਸ ਵਿੱਚ

### ਕੀ ਪੜਾਈ ਲਿਖਾਈ ਨਿਰੰਕਾਰ ਦੇ ਰਾਹ ਵਿੱਚ ਸਹਾਈ ਹੁੰਦੀ ਹੈ?



ਗੁਰੂ ਸਾਹਿਬ ਦੇ ਵੇਲੇ ਬਨਾਰਸ ਕੁਝ ਇਹੋ ਜਿਹਾ ਸੀ। ਹਾਲਾਂ ਇਹ ਹੱਥ-ਤਸਵੀਰ ਉਹਨਾਂ ਦੇ ਆਉਣ ਤੋਂ 323 ਸਾਲ ਬਾਦ ਦੀ ਹੈ।- ਜੇ ਡੀ ਹਾਰਡਿੰਗ ਨੇ ਖਿੱਚੀ ਬਨਾਰਸ ਦੀ ਪੱਥਰ ਤੇ ਤਸਵੀਰ

ਇਥੇ ਨਾਲ ਅਸਾਂ ਗੰਗੇ ਕੰਢੇ ਦੇ ਬਨਾਰਸ ਦੀ 1832 ਵਿੱਚ ਇੱਕ ਅੰਗਰੇਜ ਦੁਆਰਾ ਬਣਾਈ ਪੇਟਿੰਗ ਦੀ ਕਾਪੀ ਦਿੱਤੀ ਹੈ ਜਿਸ ਤੋਂ ਪਾਠਕ ਨੂੰ ਅੰਦਾਜ਼ਾ ਲੱਗ ਜਾਏਗਾ ਕਿ ਓਨੀ ਦਿਨੀ ਇਸ ਧਾਰਮਿਕ ਸਥਾਨ ਦਾ ਮਹੌਲ ਕਿਹੋ ਜਿਹਾ ਸੀ। ਖੱਬੇ ਹੱਥ ਉੱਚੇ ਥੜੇ ਤੇ ਪੰਡਤਾਂ ਦੇ ਅੱਡੇ ਹਨ। ਵੱਖ ਵੱਖ ਕਿਸਮ ਦੀ ਪੂਜਾ ਚਲ ਰਹੀ ਹੈ ਕੋਈ ਪਿੰਡ ਭਰਾ ਰਿਹਾ, ਕੋਈ ਕੁਝ। ਜਦੋਂ ਗੁਰੂ ਸਾਹਿਬ



ਗੰਗਾ ਕੰਢੇ ਆਏ ਇਥੇ ਸੰਸਕ੍ਰਿਤ ਦੇ ਵਿਦਿਆਰਥੀਆਂ ਦੀ ਵੱਡੀ ਜਮਾਤ ਧੁੱਪੇ ਚਲ ਰਹੀ ਸੀ। ਗੁਰੂ ਸਾਹਿਬ ਦਾ ਲਿਬਾਸ ਵੇਖਕੇ ਸਭ ਖਿੜ ਖੜਾ ਕੇ ਹੱਸ ਪਏ। "ਭਈ ਇਹ ਕਿਹੜੀ ਵੰਨਗੀ ਦਾ ਸਾਧ ਹੈ?"

ਪੰਡਤਾਂ ਨੂੰ ਮੌਕਾ ਮਿਲ ਗਇਆ, ਗੁਰੂ ਸਾਹਿਬ ਨੂੰ ਨੀਵਾ ਦਿਖਾਉਣ ਦਾ। ਕਈ ਦਿਨਾਂ ਤੋਂ ਗੁਰੂ ਸਾਹਿਬ ਬ੍ਰਾਹਮਣਾਂ ਦੇ ਕਈ ਸਿਧਾਂਤਾਂ ਦਾ ਖੰਡਨ ਜੁ ਕਰੀ ਆ ਰਹੇ ਸਨ।

ਆਖਿਰ ਵਿਦਿਆਰਥੀਆਂ ਦੇ ਅਧਿਆਪਕ ਚਤੁਰਦਾਸ ਨੇ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਪੁੱਛਿਆ ਕਿ ਜਨਾਬ ਤੁਸੀ ਕਿਹੜੀ ਸੰਪਰਦਾ ਨਾਲ ਸਬੰਧ ਰੱਖਦੇ ਹੋ? ਨਾਂ ਤੁਹਾਡੇ ਮੱਥੇ ਤੇ ਤਿਲਕ ਹੈ, ਨਾਂ ਕੋਈ ਭਸਮ ਇਸ਼ਨਾਨ ਕੀਤਾ ਹੋਇਆ, ਨਾਂ ਹੀ ਤੁਲਸੀ ਮਾਲਾ ਹੈ, ਨਾਂ ਹੀ ਸ਼ਿਵਲਿੰਗ ਤੁਹਾਡੇ ਗਲ ਹੈ, ਤੁਹਾਡਾ ਲਿਬਾਸ ਵੀ ਭਗਵਾ ਨਹੀ ਹੈ? ਨਾਂ ਹੀ ਤੁਸੀ ਮੁਸਲਮਾਨ ਫਕੀਰਾਂ ਵਾਲਾ ਹਰਾ ਰੰਗ ਪਾਇਆ ਹੈ। ਮੇਰੇ ਵਿਦਿਆਰਥੀ ਤੁਹਾਡੇ ਬਾਰੇ ਜਾਨਣ ਵਾਸਤੇ ਉਤਸੁਕ ਹਨ?

ਗੁਰੂ ਸਾਹਿਬ ਨੇ ਭਰੇ ਇਕੱਠ ਵਿੱਚ ਫਿਰ ਸਮਝਾਇਆ ਕਿ ਸਾਧੂ ਦਾ ਮਿਸ਼ਨ (ਨਿਸ਼ਾਨਾ) ਨਿਰੰਕਾਰ ਨਾਲ ਮੇਲ ਹੁੰਦਾ ਹੈ। ਇਸ ਦੇ ਵਾਸਤੇ ਰਸਤਾ ਸਿਰਫ ਤੇ ਸਿਰਫ ਸਿਫਤ ਸਾਲਾਹ ਜਾਂ ਨਿਰੰਕਾਰ ਦੀ ਉਸਤਤ ਹੀ ਹੈ। ਇਹ ਤਾਂ ਹਰੀ ਨਾਲ ਭਉ ਤੇ ਭਾਉ ਭਾਵ ਡਰ ਤੇ ਪਿਆਰ ਦਾ ਮਾਰਗ ਹੈ। ਗੁਰੂ ਸਾਹਿਬ ਨੇ ਫਿਰ ਸਵਾਲ ਕੀਤਾ ਕਿ ਜਦੋਂ ਤੁਸੀ ਕਿਸੇ ਨੂੰ ਪਿਆਰ ਕਰਦੇ ਹੋ ਤਾਂ ਕੀ ਗਿਣ ਗਿਣ ਕੇ ਆਪਣੇ ਪ੍ਰੇਮੀ ਦਾ ਨਾਂ ਲੈਂਦੇ ਹੋ? ਨਹੀ। ਤੇ ਫਿਰ ਮਾਲਾ ਰਾਂਹੀ ਰੱਬ ਦੇ ਜੱਪੇ ਨਾਮ ਦੀ ਗਿਣਤੀ ਮਿਣਤੀ ਦਾ ਹਿਸਾਬ ਕਿਓ ਕਰੀਏ? ਪ੍ਰੇਮ ਤੁਹਾਡੇ ਹਿਰਦੇ ਵਿੱਚ ਹੁੰਦਾ ਹੈ ਵਿਖਾਵੇ ਵਿੱਚ ਨਹੀ ਸੋ ਭਸਮ ਲੱਗਾਉਣ ਜਾਂ ਗਲ ਵਿੱਚ ਸਾਲੀਗ੍ਰਾਮ ਪਾਉਣ ਨਾਲ ਗੱਲ ਕਦੋਂ ਬਣਦੀ ਹੈ ਜੇ ਆਪਾਂ ਹਰੀ ਦਾ ਧਿਆਨ ਹੀ ਨਾਂ ਕਰਾਂਗੇ। ਜੇ ਸਾਡਾ ਮੰਨ ਮਾਇਆ ਦੀ ਖਿੱਚ ਤੋਂ ਆਜਾਦ ਹੀ ਨਾਂ ਹੋਇਆ ਤਾਂ ਬਾਕੀ ਦੇ ਸਭ ਕਰਮ ਕਾਂਡ ਵਿਅੱਰਥ ਨੇ। ਗੁਰੂ ਸਾਹਿਬ ਨੇ ਸਾਰਿਆਂ ਨੂੰ ਸੰਤੁਸ਼ਟ ਕਰ ਦਿੱਤਾ।

ਗੁਰੂ ਸਾਹਿਬ ਨੇ ਫਿਰ ਮਰਦਾਨੇ ਨੂੰ ਸੁਚੇਤ ਕਰ ਦਿੱਤਾ ਭਈ ਰਬਾਬ ਤੇ ਹੋ ਜਾ, ਬਾਣੀ ਆ ਰਹੀ ਹੈ:-

ਮਹਲਾ ੧ ਬਸੰਤੁ ਹਿੰਡੋਲ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥ ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥ ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥ ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥

ਗੁਰੂ ਸਾਹਿਬ ਬਾਰੇ ਚਤੁਰ ਦਾਸ ਪਹਿਲਾਂ ਹੀ ਬਹੁਤ ਕੁਝ ਸੁਣ ਚੁੱਕਾ ਸੀ। ਰਹਿੰਦੀ ਬਾਕੀ ਗੁਰੂ ਸਾਹਿਬ ਨੇ ਉਹਦੇ ਸਥਾਨ ਤੇ ਆ ਕੇ ਪੂਰੀ ਕਰ ਦਿੱਤੀ। ਗੁਰੂ ਸਾਹਿਬ ਨੇ ਵੀ ਚਤੁਰ ਦਾਸ ਨੂੰ ਖੁੱਲ ਦੇ ਦਿੱਤੀ ਕਿ ਉਹ ਮੰਨ ਆਉਂਦਾ ਪ੍ਰਸ਼ਨ ਪੁੱਛ ਸਕਦਾ ਹੈ।

ਕਿਉਕਿ ਗੁਰੂ ਸਾਹਿਬ ਜੋ ਬਾਣੀ ਕਹਿ ਰਹੇ ਸਨ ਉਸ ਵਿੱਚ ਪੰਜਾਬੀ ਭਾਸ਼ਾ ਭਾਰੂ ਸੀ। ਚਤੁਰ ਦਾਸ ਨੇ ਗੁਰੂ ਸਾਹਿਬ ਨੂੰ ਸੁਝਾਅ ਦਿੱਤਾ ਕਿ ਗੁਰੂ ਜੀ ਤੁਸੀ ਇਥੇ ਰਹਿ ਕਿ ਸੰਸਕ੍ਰਿਤ ਸਿੱਖੋ ਤੇ ਬਿਹਤ੍ਰ ਹੋਵੇ ਜੇ ਤੁਸੀ ਆਪਣੀ ਰਚਨਾ ਸੰਸਕ੍ਰਿਤ ਵਿੱਚ ਹੀ ਰਚੋ ਤਾਂ ਕਿ ਸਭ ਵਿਦਵਾਨਾਂ ਤੱਕ ਗਲ ਜਾਵੇ। ਕਿਉਕਿ ਗੁਰੂ ਸਾਹਿਬ ਪਹਿਲਾਂ ਹੀ ਪੰਡਤ ਬ੍ਰਿਜਨਾਥ ਕੋਲੋਂ ਸੰਸਕ੍ਰਿਤ ਪੜ੍ਹ ਚੁੱਕੇ ਸਨ ਗੁਰੂ ਸਾਹਿਬ ਨੇ ਚਤੁਰ ਦਾਸ ਨਾਲ ਸੰਸਕ੍ਰਿਤ ਵਿੱਚ ਗਲ ਕਰਨੀ ਸ਼ੁਰੂ ਕਰ ਦਿੱਤੀ। ਨਾਲ ਹਾਜਰ ਲੋਕ ਸਭ ਲੱਗੇ ਗੁਰੂ ਸਾਹਿਬ ਦਾ ਮੂੰਹ ਵੇਖਣ। ਇਸ ਸਵਾਲ ਤੇ ਵੀ ਚਤੁਰ ਦਾਸ ਨੇ ਸ਼ਰਮ ਮਹਿਸੂਸ ਕੀਤੀ ਤੇ ਗੁਰੂ ਸਾਹਿਬ ਤੋਂ ਮਾਫੀ ਮੰਗੀ। ਗੁਰੂ ਸਾਹਿਬ ਨੇ ਚਤੁਰ ਦਾਸ ਨੂੰ ਸਮਝਾਇਆ ਕਿ ਉਸ ਬੋਲੀ ਵਿੱਚ ਗਲ ਕਰਨ ਦਾ ਕੀ ਫਾਇਦਾ ਜਿਸ ਨੂੰ ਲੋਕ ਸਮਝ ਹੀ ਨਾਂ ਸਕਣ। ਉਨਾਂ ਸਮਝਾਇਆ ਇੱਕ ਅਜਿਹੀ ਭਾਸ਼ਾ ਲੋਕਾਂ ਤੇ ਵਿਦਵਾਨਾਂ ਵਿੱਚ ਫਰਕ ਲਿਆ ਖੜਾ ਕਰਦੀ ਹੈ ਜਿਸ ਨਾਲ ਵਿਦਵਾਨ ਹਉਮੇਧਾਰੀ ਹੋ ਜਾਂਦਾ ਹੈ।

ਓਥੇ ਮੌਜੂਦ ਫਿਰ ਹਰ ਕਿਸੇ ਦੇ ਬੁੱਲਾਂ ਤੇ ਸਵਾਲ ਸੀ ਕਿ ਕੀ ਪਾਠਸ਼ਾਲਾ ਦੀ ਵਿਦਿਆ ਨਿਰੰਕਾਰ ਦੇ ਰਸਤੇ ਵਿੱਚ ਸਹਾਈ ਹੁੰਦੀ ਹੈ? ਗੁਰੂ ਸਾਹਿਬ ਨੇ ਫਿਰ ਆਸਾ ਦੀ ਵਾਰ ਵਾਲਾ ਸਲੋਕ ਪੜਿਆ

ਸਲੋਕੁ ਮਃ ੧ ॥ ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥ ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥

ਸਾਹਿਬ ਨੇ ਸਮਝਾਇਆ ਕਿ ਰੂਹਾਨੀਅਤ ਦਾ ਗਿਆਨ ਤਾਂ ਸਿਰਫ ਇੱਕ ਅੱਖਰ ਦਾ ਹੈ, ਹਰੀ ਭਗਵਾਨ ਦੀ ਹੋਂਦ ਨੂੰ ਸਵੀਕਾਰ ਕਰਨ ਦਾ। ਆਪਣੀ ਔਕਾਤ ਨੂੰ ਪਛਾਨਣ ਦਾ ਹੈ। ਕਿ ਇੱਕ ਦਿਨ ਤੇਰੀ ਸਾਰੀ ਪੜ੍ਹਾਈ, ਤੇਰੀ ਸਾਰੀ ਵਿਦਿਆ ਤੇ ਸਾਰਾ ਧਨ ਖਾਕ ਨਿਆਈ ਹੋਣਾ ਹੈ ਕਿਉਕਿ ਤੂੰ ਆਪ ਇਸ ਮਿੱਟੀ ਦਾ ਹਿੱਸਾ ਹੋਣਾ ਹੈ। ਸੋ ਜਰੂਰਤ ਤਾਂ ਹੈ ਸੱਚ ਪਛਾਨਣ ਦੀ। ਸੱਚ ਦਾ ਨਾਂ ਹੀ

ਨਿਰੰਕਾਰ ਹੈ। ਸਤਿਨਾਮ ਹੈ।

ਬਾਕੀ ਜਦੋਂ ਆਪਾਂ ਹਰਿ ਜਸ ਰਾਂਹੀ ਨਿਰੰਕਾਰ ਦੀ ਖ਼ੁੱਸ਼ੀ ਪ੍ਰਾਪਤ ਕਰ ਲੈਂਦੇ ਹਾਂ ਤਾਂ ਦੁਨੀਆਵੀ ਵਰਤਾਰੇ ਦਾ ਵੀ ਗਿਆਨ ਸਾਨੂੰ ਹੋਣ ਲੱਗ ਜਾਂਦਾ ਹੈ। ਰਿਸ਼ੀ, ਮੁਨੀਆਂ, ਪੀਰਾਂ, ਫਕੀਰਾਂ, ਅਵਤਾਰਾਂ, ਪੈਗੰਬਰਾਂ ਦੀ ਕਹਾਣੀ ਸਾਨੂੰ ਸਮਝ ਆ ਜਾਂਦੀ ਹੈ। ਵੇਦਾਂ, ਸ਼ਾਸਤਰਾਂ, ਕੁਰਾਨਾਂ, ਬਾਈਬਲਾਂ ਦਾ ਸਾਨੂੰ ਗਿਆਨ ਹੋ ਜਾਂਦਾ ਹੈ। ਅਸੀ ਬ੍ਰਹਿਮੰਡ ਦੇ ਗਿਆਤਾ ਵੀ ਹੋ ਜਾਂਦੇ ਹਾਂ। ਇਹ ਧਰਤੀ, ਚੰਦਰਮਾ ਸੂਰਜ, ਧਰਤੀ ਤੇ ਮੌਜੂਦ ਸਮੁੰਦਰ ਟਾਪੂ ਦਰਿਆ ਨਾਲੇ ਪਰਬਤ ਪਹਾੜਾਂ ਬਾਰੇ ਸਾਨੂੰ ਸਹਿਜ ਸੁਭਾ ਹੀ ਗਿਆਨ ਹੋ ਜਾਂਦਾ ਹੈ। ਸਰੀਰਕ ਕ੍ਰਿਆਵਾਂ ਦੀ ਵੀ ਸਮਝ ਲੱਗ ਜਾਂਦੀ ਹੈ ਜਿਸ ਵਾਸਤੇ ਜੋਗੀ ਲੋਕ ਜੀਵਨ ਲਾ ਦਿੰਦੇ ਨੇ। ਮੌਤ ਦਾ ਡਰ ਫਿਰ ਪੋਹਦਾ ਨਹੀ।

ਸੋ ਅਨੰਦਮਈ ਜੀਵਨ ਲਈ ਸਭ ਤੋਂ ਜਰੂਰੀ ਹੈ ਹੁਕਮ ਨੂੰ ਸਮਝਣਾ। ਪਹਿਲਾਂ ਆਪਣੀ ਔਕਾਤ ਪਛਾਨਣਾ। ਉਸ ਤੋਂ ਬਾਦ ਜੇ ਤੁਸੀ ਦੁਨਿਆਵੀ ਪੜਾਈ ਕਰਦੇ ਹੋ ਤਾਂ ਸੋਨੇ ਤੇ ਸੁਹਾਗਾ ਵਾਲੀ ਗਲ। ਪਰ ਯਾਦ ਰੱਖਣਾ ਦੁਨਿਆਵੀ ਪੜਾਈ ਤੁਹਾਨੂੰ ਚੜ੍ਹਦੀ ਕਲਾ ਜਾਂ ਅਨੰਦ ਵਾਲਾ ਜੀਵਨ ਨਹੀ ਦੇ ਸਕਦੀ।

ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥ ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥ ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥ ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥ ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥ ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥ ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥ ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪॥ ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

----◈-----

ਬਾਬਾ ਬਨਾਰਸ ਵਿੱਚ

## ਇਕ ਵਾਰ ਫਿਰ ਉਠ ਖਲੋਤਾ ਸੂਤਕ ਪਾਤਕ ਦਾ ਸਵਾਲ

ਚਤੁਰ ਦਾਸ ਗੁਰੂ ਸਾਹਿਬ ਦੀ ਅਧੀਨਗੀ ਸਵੀਕਾਰ ਕਰ ਚੁੱਕਾ ਸੀ। ਗੁਰੂ ਸਾਹਿਬ ਦੇ ਰਹਿਣ ਵਾਸਤੇ ਉਸ ਕਿਹਾ ਕਿ ਤੁਸੀ ਸਾਡੇ ਫਲਾਣੇ ਚੇਲੇ ਦੇ ਘਰ ਚਲੋ। ਗੁਰੂ ਸਾਹਿਬ ਨੇ ਨਿਮ੍ਰਤਾ ਸਾਹਿਤ ਉਨਾਂ ਦਾ ਨਿਉਂਦਾ ਮਨਾ ਕਰ ਦਿੱਤਾ। ਗੁਰੂ ਸਾਹਿਬ ਨੇ ਕਿਹਾ ਕਿ ਅਸੀ ਫਲਾਣੇ ਥਾਂ ( ਜਿੰਨੂ ਅਜ ਕਲ ਗੁਰੂ ਬਾਗ ਕਿਹਾ ਜਾਂਦਾ ਹੈ, ਰੇਲਵੇ ਸਟੇਸ਼ਨ ਲਾਗੇ) ਆਪਨਾ ਟਿਕਾਣਾ ਬਣਾ ਚੁੱਕੇ ਹਾਂ। ਸਾਧੂ ਸੰਤ ਨੇ ਆ ਕੇ ਸਾਨੂੰ ਮਿਲਣਾ ਹੁੰਦਾ ਹੈ। ਚਤੁਰ ਦਾਸ ਕਹਿਣ ਲੱਗਾ ਕਿ ਮੈਂ ਤੁਹਾਨੂੰ ਆਪਣੇ ਹੀ ਘਰ ਲਿਜਾਂਦਾ ਪਰ ਮੇਰੀ ਮੁਸ਼ਕਲ ਇਹ ਹੈ ਕਿ ਘਰ ਵਿੱਚ ਸੂਤਕ ਦੀ ਅਵਸਥਾ ਚਲ ਰਹੀ ਹੈ। ਧੀ ਦਾ ਜਣੇਪਾ ਹੋਇਆ ਹੈ। ਦੋਹਤਰੀ ਆਈ ਹੈ ਜੀ।

ਨੋਟ- ਸੂਤਕ: ਹਿੰਦੂ ਲੋਕ ਜਣੇਪੇ ਵੇਲੇ ਘਰ ਨੂੰ ਅਪਵਿਤ੍ਰ ਮੰਨਦੇ ਹਨ। ਇਸ ਅਵਸਥਾ ਨੂੰ ਸੂਤਕ ਕਹਿੰਦੇ ਹਨ। ਅਮੂਮਨ ਸਵਾ ਮਹੀਨਾ ਬੱਚੇ ਦੀ ਮਾਂ ਰਸੋਈ ਵਿੱਚ ਨਹੀ ਵੜ ਸਕਦੀ। ਘਰ ਦੇ ਜੀਆਂ ਦਾ ਮੰਦਰ ਜਾਣਾ ਮਨਾ ਹੁੰਦਾ ਹੈ। ਇਹ ਸਮਾਂ ਵੱਖ ਵੱਖ ਜਾਂਤਾਂ ਵਾਸਤੇ ਵੱਖਰਾ ਹੈ। ਬ੍ਰਾਹਮਣ ਦੇ ਘਰ -10 ਦਿਨ, ਖੱਤਰੀ-15 ਦਿਨ, ਵੈਸ਼- 20 ਦਿਨ, ਸ਼ੂਦਰ-30 ਦਿਨ।

ਜੇ ਘਰ ਵਿੱਚ ਮੱਝ ਗਾਂ ਬਕਰੀ ਸੂਈ ਹੋਵੇ ਤਾਂ ਵੀ ਘਰ ਵਿੱਚ ਇੱਕ ਦਿਨ ਦਾ ਸੂਤਕ ਮੰਨਿਆ ਜਾਂਦਾ ਹੈ।

ਪਾਤਕ - ਜਦੋਂ ਘਰ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਵੇ ਤਾਂ ਉਸ ਅਪਵਿਤ੍ਰਤਾ ਨੂੰ ਪਾਤਕ ਕਿਹਾ ਜਾਂਦਾ ਹੈ। ਓਦੋਂ ਵੀ ਘਰ ਨੂੰ ਅਸ਼ੁਧ ਮੰਨਿਆ ਜਾਂਦਾ ਹੈ।

ਖੈਰ ਆਪਣੇ ਚੇਲੇ ਦੇ ਘਰ ਇੱਕ ਦਿਨ ਗੁਰੂ ਸਾਹਿਬ ਦੀ ਰੋਟੀ ਵਰਜੀ ਗਈ। ਚਤੁਰ ਦਾਸ ਨੇ ਗੁਰੂ ਸਾਹਿਬ ਨੂੰ ਬੜੇ ਗਰਬ ਨਾਲ ਦੱਸਿਆ ਕਿ ਸਾਡੇ ਇਥੇ ਬਨਾਰਸ ਵਿੱਚ ਜੀਵਨ ਬਿਲਕੁਲ ਸ਼ਾਸਤਰਾਂ ਅਨੁਸਾਰ ਚਲਦਾ ਹੈ। ਚਤੁਰ ਨੇ ਦਿਖਾਇਆ ਕਿ ਕਿਵੇ ਭੋਜਨ ਬਣਾਉਣ ਵੇਲੇ ਸੁੱਚ ਦਾ ਪੂਰਾ ਧਿਆਨ ਰਖਿਆ ਜਾਂਦਾ ਹੈ। ਚੌਕਾ ਕਾਰ ਕੱਢੀ ਜਾਂਦੀ ਹੈ।

ਗੁਰੂ ਸਾਹਿਬ ਨੇ ਚਤੁਰ ਦਾਸ ਦੀ ਗਲ ਵਿੱਚੋਂ ਟੋਕ ਦਿੱਤੀ। ਸਾਹਿਬ ਨੇ ਕਿਹਾ ਕਿ ਇਹ ਚੌਕਾ ਤੁਹਾਡੇ ਅਸੂਲਾਂ ਦੇ ਮੁਤਾਬਿਕ ਪਵਿਤ੍ਰ ਨਹੀ ਹੈ। ਚਤੁਰ ਕਹਿਣ ਲੱਗਾ ਜੀ ਅਜਿਹੀ ਕੋਈ ਗਲ ਨਹੀ ਹੈ। ਗੁਰੂ ਸਾਹਿਬ ਨੇ ਕਿਹਾ ਨਹੀ ਇਥੇ ਸੂਤਕ ਵਾਲੀ ਅਵਸਥਾ ਹੈ। ਚੁੱਲੇ ਵਿੱਚ ਜਿਹੜਾ ਚੋਅ ਬਲ ਰਿਹਾ ਸੀ ਗੁਰੂ ਸਾਹਿਬ ਨੇ ਉਸ ਨੂੰ ਹੱਥ ਵਿੱਚ ਲਿਆ। ਤੋੜਿਆ ਤੇ ਵਿੱਚੋਂ ਘੁੱਣ (ਮੋਟੀ ਸੁੰਡੀ) ਨਿਕਲ ਆਇਆ। ਇੱਕ ਪਾਸੇ ਘੁਣ ਦੇ ਅੰਡੇ ਵੀ ਸਾਹਿਬ ਨੇ ਦਿਖਾ ਦਿੱਤੇ। ਚਤੁਰ ਦਾਸ ਨੂੰ ਕਿਹਾ ਕਿ ਆਹ ਹੈ ਤੁਹਾਡਾ ਅਨੁਸ਼ਾਸਨ।

ਸਾਹਿਬ ਨੇ ਫਿਰ ਪੰਡਤ ਤੇ ਸਬੰਧਤ ਪ੍ਰਵਾਰ ਨੂੰ ਸਮਝਾਇਆ ਕਿ ਇਹ ਸੂਤਕ ਪਾਤਕ ਦਾ ਸਿਧਾਂਤ ਨਿਰੀ ਅਗਿਆਨਤਾ ਤੇ ਪਾਖੰਡ ਹੈ। ਜੇ ਸੂਤਕ ਦੇ ਸਿਧਾਂਤ ਨੂੰ ਮੰਨਣਾ ਸ਼ੁਰੂ ਕਰ ਦਈਏ ਫਿਰ ਤਾਂ ਸਭ ਅਸਥਾਨ ਭਿੱਟੇ ਹੋਏ ਹੋ ਗਏ। ਕਿਉਕਿ ਹਰ ਥਾਂ ਸੂਖਮ ਅਵਸਥਾ ਵਿੱਚ ਜੀਵਨ ਹੈ। ਗੋਹੇ ਤੇ ਲਕੜੀ ਜੋ ਤੁਸੀ ਬਾਲਦੇ ਹੋ ਉਹਦੇ ਵਿੱਚ ਵੀ ਜੀਵਨ ਹੈ।

ਗੁਰੂ ਸਾਹਿਬ ਤੇ ਮਰਦਾਨੇ ਨੇ ਫਿਰ ਉੱਚੀ ਸੁਰ ਵਿੱਚ ਹੇਠ ਲਿਖਿਆ ਸਬਦ ਗਾਇਆ ਤੇ ਸਭ ਨੂੰ ਨਿਹਾਲ ਕਰ ਦਿੱਤਾ:-

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ ਮਃ ੧ ॥ ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥

ਮਃ ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥

ਏਸੇ ਤਰਾਂ ਫਿਰ ਗੁਰੂ ਸਾਹਿਬ ਨੇ ਜਨਾਨੀਆਂ ਦੀ ਮਾਹਵਾਰੀ ਦੇ ਸਬੰਧ ਵਿੱਚ ਵੀ ਲੋਕਾਂ ਨੂੰ ਜਾਣੂ ਕਰਵਾਇਆ ਕਿ ਇਸ ਨਾਲ ਕੋਈ ਅਪਵਿਤ੍ਰ ਨਹੀ ਹੋ ਜਾਂਦਾ। ਯਾਦ ਰਹੇ ਔਰਤ ਦੀ ਮਾਹਵਾਰੀ ਮੌਕੇ ਵੀ ਪੰਡਤ ਲੋਕਾਂ ਦਾ ਬਹੁਤ ਹੀ ਸਖਤ ਅਨੁਸ਼ਾਸਨ ਹੁੰਦਾ ਸੀ। ਕਿਤੇ ਕਿਤੇ ਤਾਂ ਧੀ ਭੈਣ ਨੂੰ ਘਰ ਦੀ ਕਿਸੇ ਨੁੱਕਰ ਵਿੱਚ ਬਿਠਾ ਦਿੱਤਾ ਜਾਂਦਾ ਸੀ। ਦੱਖਣ ਵਿੱਚ ਅੱਜ ਵੀ ਰਿਵਾਜ ਹੈ ਕਿ ਧੀ ਭੈਣ ਨੂੰ ਇੱਕ ਨੁੱਕਰ ਵਿੱਚ ਝੌਂਪੜੀ ਪਾ ਦਿੱਤੀ ਜਾਂਦੀ ਹੈ।

ਗੁਰੂ ਸਾਹਿਬ ਨੇ ਸਮਝਾਇਆ ਕਿ ਅਸਲ ਸੁੱਚ ਤਾਂ ਸੱਚੇ ਹੋਇਆਂ ਹੈ। ਉਹ ਕਾਹਦੀ ਸੁੱਚ ਜੇ ਜੀਵਨ ਵਿੱਚ ਝੂਠ ਹੀ ਝੂਠ ਹੈ ਤਾਂ:

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥ ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

ਚਤੁਰ ਦਾਸ ਨੇ ਐਨੀ ਕੁ ਸ਼ਰਮ ਮਹਿਸੂਸ ਕੀਤੀ ਕਿ ਜ਼ਿੱਦ ਕਰਨ ਲੱਗ ਪਿਆ ਕਿ ਸਾਹਿਬ ਅਗਲਾ ਭੋਜਨ ਸਾਡੇ ਘਰ ਛਕੋ।

----◈-----

ਬਾਬਾ ਬਨਾਰਸ ਵਿੱਚ

## ਸਾਧੂਆਂ ਪੁੱਛਿਆ ਬਾਬਾ ਜੀ ਮੌਤ ਦਾ ਵੀ ਕੋਈ ਇਲਾਜ ਹੈ? ⊙

ਮੌਤ ਦੇ ਸੱਚ ਨੂੰ ਸਮਝਣਾ ਜਾਂ ਹੁਕਮ ਨੂੰ ਸਮਝ ਲੈਣਾ ਹੀ ਮੌਤ ਤੇ ਜਿੱਤ ਹੈ।

ਬਨਾਰਸ ਇੱਕ ਦਿਨ ਗੁਰੂ ਸਾਹਿਬ ਕੋਲ ਕੁਝ ਸਾਧੂ ਸੰਤ ਇਕੱਠੇ ਹੋ ਕੇ ਆ ਕੇ ਲੱਗੇ ਪ੍ਰਸ਼ਨ ਕਰਨ। "ਬਾਬਾ ਜੀ ਤੁਹਾਡੇ ਤੇ ਭਗਵਾਨ ਖੁੱਸ਼ ਹੈ, ਕਿਰਪਾ ਕਰਕੇ ਮੌਤ ਬਾਰੇ ਕੁਝ ਦੱਸੋ ਬੜਾ ਡਰ ਲੱਗਦਾ ਜਦੋਂ ਧਿਆਨ ਜਾਂਦਾ ਹੈ। ਕੀ ਇਹਦਾ ਵੀ ਕੋਈ ਇਲਾਜ ਹੈਗਾ?"

ਗੁਰੂ ਸਾਹਿਬ ਨੇ ਸਾਧੂਆਂ ਦੇ ਮੂੰਹੋ ਇਹ ਸਵਾਲ ਸੁਣ ਕੇ ਹੈਰਾਨੀ ਪ੍ਰਗਟ ਕੀਤੀ। ਸਾਧੂਆਂ ਨੂੰ ਅਸੀਸ ਦਿੰਦੇ ਹੋਏ ਗੁਰੂ ਸਾਹਿਬ ਨੇ ਫਰਮਾਇਆ ਕਿ ਇਹ ਸਵਾਲ ਤਾਂ ਇੱਕ ਸਾਧੂ ਵਾਸਤੇ ਮੁੱਢਲਾ ਹੋਣਾ ਚਾਹੀਦੈ। ਜਦੋਂ ਬੰਦਾ ਸਾਧ ਬਣਦਾ ਹੈ ਉਹਦਾ ਫਰਜ ਹੈ ਕਿ ਆਪਣੇ ਗੁਰੂ ਕੋਲੋ ਸਭ ਤੋਂ ਪਹਿਲਾਂ ਇਹ ਸਵਾਲ ਕਰੇ। ਕਿ ਮੌਤ ਤੋਂ ਕਿਵੇ ਬਚਣਾ ਹੈ?

ਮੌਤ ਦੇ ਸੱਚ ਨੂੰ ਸਮਝ ਲੈਣਾ ਹੀ ਮੌਤ ਤੇ ਜਿੱਤ ਹੈ। ਗੁਰੂ ਸਾਹਿਬ ਨੇ ਕਿਹਾ ਕਿ ਜਨਮ ਮਰਨ ਦੇ ਵਰਤਾਰੇ ਦੀ ਸਮਝ ਸਾਨੂੰ ਨਿਰੰਕਾਰ ਦੇ ਹੁਕਮ ਨੂੰ ਸਮਝਣ ਉਪਰੰਤ ਪੈਂਦੀ ਹੈ। "ਸਬਦਿ ਮਰੈ ਫਿਰਿ ਮਰਣੁ ਨ ਹੋਇ ॥ " ਇਥੇ ਹਰ ਜੀਅ ਜੰਤ ਨਾਸਵਾਨ ਹੈ। ਥਿਰ ਕੁਝ ਵੀ ਨਹੀ। ਸਾਡੇ ਤੋਂ ਪਹਿਲਾਂ ਵੀ ਲੱਖਾਂ ਪੀਹੜੀਆਂ ਹੋ ਚੁੱਕੀਆਂ ਨੇ।" ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ ॥ " ਇਹ ਅਟਲ ਸਚਾਈ ਜੀਵਨ ਦੇ ਸ਼ੁਰੂਆਤ ਵਿੱਚ ਹੀ ਇਨਸਾਨ ਨੂੰ ਪਤਾ ਹੋਣੀ ਚਾਹੀਦੀ ਹੈ। ਰੂਹਾਨੀਅਤ ਦੇ ਮਾਰਗ ਦੀ ਇਹ ਪਹਿਲੀ ਪਉੜੀ ਹੋਣੀ ਚਾਹੀਦੀ ਹੈ।

ਗੁਰੂ ਸਾਹਿਬ ਨੇ ਇਸ ਗੰਭੀਰ ਪੱਖ ਨੂੰ ਕਿਵੇ ਸਮਝਾਇਆ ਅਸੀ ਤਾਂ ਸਿਰਫ ਅੰਦਾਜ਼ਾ ਹੀ ਲਾ ਸਕਦੇ ਹਾਂ। ਗੁਰੂ ਸਾਹਿਬ ਦਾ ਜਵਾਬ ਸੁਣ ਕੇ ਸਾਧੂ ਸੰਤ ਅੱਸ਼ ਅੱਸ਼ ਕਰ ਉਠੇ। ਧੰਨ ਗੁਰੂ ਨਾਨਕ। ਧੰਨ ਉਹ ਜਨਨੀ ਜਿਸ ਨੇ ਤੈਨੂੰ ਜਾਇਆ।

ਮੌਤ ਦੇ ਮਜਮੂਨ ਤੇ ਗੁਰੂ ਸਾਹਿਬ ਨੇ ਫਿਰ ਕਈ ਸ਼ਬਦ ਭੈਰਉ ਰਾਗ ਵਿੱਚ ਉਚਾਰਨ ਕੀਤੇ। ਸਾਥ ਦਿੱਤਾ ਭਾਈ ਮਰਦਾਨੇ ਨੇ:-

ਭੈਰਉ ਮਹਲਾ ੧ ॥ ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ ॥ ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥੧॥ ਪ੍ਰਾਣੀ ਹਰਿ ਜਪਿ ਜਨਮੁ ਗਇਓ ॥ ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮੁ ਭਇਓ ॥੧॥ ਰਹਾਉ ॥ ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ ॥ ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ ॥੨॥ ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥ ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥੩॥ ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ ॥ ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥੪॥੨॥੩॥



(ਹੇਠਾਂ) ਗੁਰਦੁਆਰਾ ਗੁਰੂ ਨਾਨਕ ਬਾਗ ਬਨਾਰਸ। (ਸੱਜੇ ਉੱਤੇ) ਗੁਰਦੁਆਰਾ ਸਾਹਿਬ ਦਾ ਦਰਵਾਜ਼ਾ



ਗੁਰੂ ਸਾਹਿਬ ਦੀ ਵਿੱਚਾਰਧਾਰਾ ਇਹ ਦਸਦੀ ਹੈ ਕਿ ਮੌਤ ਨੂੰ ਸਵੀਕਾਰ ਕਰਨ ਉਪਰੰਤ ਜੋ ਜੀਵਨ ਬਚਦਾ ਹੈ ਉਹ ਅਨੰਦ ਹੀ ਅਨੰਦ ਹੈ।

ਭੈਰਉ ਮਹਲਾ ੧ ॥ ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ ॥ ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ ॥੧॥ ਅੰਧੁਲੇ ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥੧॥ ਰਹਾਉ ॥ ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥ ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ ॥੨॥ ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥ ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥੩॥ ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿੱਚਾਰਾ ॥੪॥੩॥

ਸੋ ਮੌਤ ਨੂੰ ਸਵੀਕਾਰ ਕਰਨਾਂ ਸੱਚ ਮਾਰਗ ਦੀ ਪਹਿਲੀ ਪੌੜੀ ਹੈ।

----◈-----

ਪੈੜ ਸਫ਼ਾ

⊙ ਸੋਢੀ ਮਿਹਰਵਾਨ ਅਧਾਰਤ

● ਸਾਈਕਲ ਯਾਤਰੀ- 110 ਅਨੁਸਾਰ, 1930 ਵੇਲੇ ਤਾਂ ਬਨਾਰਸ ਦੇ ਗੁਰੂ ਬਾਗ ਦੀ ਜਗ੍ਹਾ ਕਾਫੀ ਖੁੱਲੀ ਡੁਲੀ ਸੀ।

ਬਨਾਰਸ ਵਿੱਚ ਬਾਬਾ

## ਮੜੀਆਂ ਮਸਾਣਾਂ ਸਮਾਧਾਂ ਦੀ ਪੂਜਾ

ਬਨਾਰਸ ਇੱਕ ਤਰਾਂ ਨਾਲ ਹਿੰਦੂਮਤ ਦੀਆਂ ਮੜੀਆਂ ਹਨ ਭਾਵ ਸ਼ਮਸ਼ਾਨ ਘਾਟ ਹੈ। ਇਥੇ ਅੱਜ ਵੀ ਹਰ ਵੰਨਗੀ ਦਾ ਧਾਰਮਿਕ ਧੰਧਾ ਚਲਦਾ ਹੈ। ਸ਼ਿਵ ਜੀ ਦੇ ਉਪਾਸ਼ਕ ਜੋਗੀ ਲੋਕ ਤਾੜੀ ਲਾਈ ਬੈਠੇ ਰਹਿੰਦੇ ਨੇ, ਮੂਰਤੀ ਪੂਜਾ ਦੇ ਉਪਾਸ਼ਕ ਜੋਰ ਸ਼ੋਰ ਨਾਲ ਟੱਲ ਵਜਾ ਰਹੇ ਹੁੰਦੇ ਨੇ, ਕੋਈ ਇਥੇ ਅਘੋਰੀ ਸਾਧੂ ਭਾਵ ਤੰਤਰ ਵਿਦਿਆਂ ਵਾਲੇ, ਇਥੇ ਤੁਹਾਨੂੰ ਸੰਗੀਤ ਸਿੱਖਾਉਣ ਵਾਲੇ ਵੀ ਮਿਲਣਗੇ, ਧਾਰਮਿਕ ਵਿਦਿਆ ਦੇਣ ਵਾਲੇ ਵੀ ਪੰਡਤ। ਗੁਰੂ ਸਾਹਿਬ ਜਦੋ ਇਥੇ ਗਏ ਤਾਂ ਜਿਵੇ ਵੱਖ ਵੱਖ ਵੰਨਗੀਆਂ ਦੇ ਡੇਰਿਆਂ ਦੇ ਟਾਊਟ ਬੰਦੇ ਨੂੰ ਆ ਘੇਰਦੇ ਹਨ ਏਸੇ ਤਰਾਂ ਗੁਰੂ ਸਾਹਿਬ ਨੂੰ ਵੀ ਆ ਘੇਰਿਆ ਸੀ। ਗੁਰੂ ਸਾਹਿਬ ਨੇ ਹਰ ਕਿਸਮ ਦੇ ਬੰਦੇ ਨਾਲ ਸੰਵਾਦ ਰਚਾਇਆ ਉਨਾਂ ਦੇ ਸਬੰਧਤ ਡੇਰੇ ਗਏ ਤੇ ਜਾ ਕੇ ਹਰ ਕਿਸੇ ਦਾ ਉਧਾਰ ਕੀਤਾ ਤੇ ਬੁਰੇ ਕਰਮ ਕਰਨ ਤੋਂ ਹਟਾ ਲੋਕਾਂ ਨੂੰ ਨਾਮ ਨਾਲ ਜੋੜਿਆਂ।

ਏਸੇ ਤਰਾਂ ਜਦੋਂ ਮਸਾਣਾਂ ਦੀ ਪੂਜਾ ਕਰਨ ਵਾਲਿਆਂ ਗੁਰੂ ਸਾਹਿਬ ਨੂੰ ਘੇਰਿਆ ਤਾਂ ਉਨਾਂ (ਸਾਹਿਬ ਨੇ) ਕਿਹਾ ਕਿ ਮੈਂ ਕਿਸੇ ਕਬਰ ਮੜੀ ਜਾਂ ਸ਼ਮਸ਼ਾਨ ਘਾਟ ਨੂੰ ਨਹੀ ਮੰਨਦਾ ਮੇਰਾ ਈਸ਼ਵਰ ਤਾਂ ਸਦਾ ਮੇਰੇ ਅੰਗ ਸੰਗ ਹੈ। ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਕਿਹਾ ਜਾਂਦਾ ਕਿ ਹੇਠ ਦਿੱਤਾ ਸੋਰਠ ਰਾਗ ਵਾਲਾ ਸ਼ਬਦ ਗੁਰੂ ਸਾਹਿਬ ਨੇ ਇਥੇ ਕਾਂਸ਼ੀ ਵਿਖੇ ਹੀ ਉਚਾਰਿਆ ਸੀ:-

ਸੋਰਠਿ ਮਹਲਾ ੧ ਘਰੁ ੧ ਅਸਟਪਦੀਆ ਚਉਤੁਕੀ ੴ ਸਤਿਗੁਰ ਪ੍ਰਸਾਦਿ ॥

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥ ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥ ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥ ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥ ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥ ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥ ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ ॥ ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥ ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥ ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥੨॥ ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥ ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥ ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥ ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥੩॥ ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥ ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ ॥ ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ ॥ ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ ॥੪॥ ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ ॥ ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ ॥ ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥ ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥ ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥ ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥ ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥ ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ ॥੬॥ ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥ ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥ ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥ ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ ॥੭॥ ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥ ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥ ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥

----◆-----

ਬਨਾਰਸ ਵਿੱਚ ਬਾਬਾ

## ਫਿਰ ਪੰਡਤਾਂ ਆ ਘੇਰਿਆ। ਬਾਬਾ ਗੱਲ ਤੇਰੀ ਮੰਨੀਏ ਕਿ ਵੇਦਾਂ ਦੀ?

ਗੁਰੂ ਸਾਹਿਬ ਅਜੇ ਬਨਾਰਸ ਵਿੱਚ ਹੀ ਸਨ ਕਿ ਇੱਕ ਦਿਨ ਕੁਝ ਬ੍ਰਾਹਮਣ ਤੇ ਨਾਲ ਕੁਝ ਸਾਧੂ ਵੀ ਗੁਰੂ ਸਾਹਿਬ ਦੇ ਆ ਹਾਜਰ ਹੋਏ। ਓਨਾਂ ਕਿਹਾ ਕਿ :-

ਸੈਂਕੜੇ ਸਾਲਾਂ ਤੋਂ ਵੇਦ ਮਾਨਵਤਾ ਦਾ ਮਾਰਗ-ਦਰਸ਼ਨ ਕਰ ਰਹੇ ਨੇ। ਤੁਸੀ ਜੋ ਗੱਲਾਂ ਕਹਿ ਰਹੇ ਹੋ ਉਹ ਬਿਲਕੁਲ ਉਲਟ ਹੈ। ਤੁਸੀ ਸਾਨੂੰ ਦੁਬਿਧਾ ਵਿੱਚ ਪਾ ਦਿੱਤਾ ਹੈ। ਸਾਡੀ ਪੰਡਤ ਚਤੁਰ ਦਾਸ ਨਾਲ ਗਲ ਹੋਈ ਹੈ ਉਹ ਵੀ ਤੁਹਾਡੇ ਵਾਲੀ ਗਲ ਹੀ ਕਹਿ ਰਹੇ ਨੇ। ਅਸੀ ਸਾਰੀ ਉਮਰ ਵੇਦਾਂ ਤੋਂ ਉਦਾਹਰਣਾਂ ਦੇ ਕੇ ਲੋਕਾਂ ਦਾ ਕਲਿਆਣ ਕੀਤਾ ਹੈ। ਤੁਸੀ ਸਾਨੂੰ ਦੋ ਅਖਰਾਂ ਵਿੱਚ ਜਵਾਬ ਦਿਓ ਕਿ ਵੇਦ ਅਨੁਸਾਰ ਦੱਸਿਆ ਕਰਮ ਕਾਂਡ ਸਹੀ ਹੈ ਕਿ ਗਿਆਨ ਵਾਲੀ ਗਲ ਜਿਹੜੀ ਤੁਸੀ ਕਹਿ ਰਹੇ ਹੋ?

ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਉਨਾਂ ਦਾ ਗੁੱਸਾ ਠੰਡਾ ਕੀਤਾ। ਉਨਾਂ ਨੇ ਮੰਨਿਆ ਕਿ ਵੇਦ ਕਰਮ ਕਾਂਡ (ਵਿਖਾਵਾ ਅੰਗਰੇਜੀ ritual or ceremony) ਤੇ ਜੋਰ ਦਿੰਦਾ ਹੈ। ਗੁਰੂ ਸਾਹਿਬ ਨੇ ਏਥੇ ਜਿਹੜੀ ਗਲ ਕਹੀ ਉਹ ਅਜੁਧਿਆਂ ਵਿਖੇ ਵਖਿਆਨ ਦੌਰਾਨ ਵੀ ਦੁਹਰਾਈ ਕਿ ਕਿਵੇ ਸਿਫਤ ਸਲਾਹ ਜਾਂ ਜੱਸ ਗਾ ਕੇ ਹੀ ਅਗਲੇ ਦੀ ਖੁੱਸ਼ੀ ਹਾਸਲ ਕਰ ਸਕਦੇ ਹਾਂ। (ਦੇਖੋ ਪੰਨਾ 125 )

ਗੁਰੂ ਸਾਹਿਬ ਨੇ ਸਮਝਾਇਆ ਕਿ ਵੇਦ ਤਾਂ ਸਿਰਫ ਰਸਮਾਂ ਹੀ ਨਿਰਧਾਰਤ ਕਰਦੇ ਹਨ ਤੇ ਗਿਆਨ ਨੂੰ ਉਨਾਂ ਰਸਮਾਂ ਨੂੰ ਯੋਗ ਠਹਿਰਾਉਣ ਲਈ ਵਰਤਦੇ ਹਨ। ਵੇਦ ਹਰਗਿਜ਼ ਨਿਰੰਕਾਰ ਪ੍ਰਾਪਤੀ ਦਾ ਸਾਧਨ ਨਹੀ ਹਨ। ਵੇਦਾਂ ਨੇ ਆਪਣੇ ਹੀ ਹਿਸਾਬ ਪਾਪ ਤੇ ਪੁੰਨ ਦੀਆਂ ਪ੍ਰੀਭਾਸ਼ਾਵਾਂ ਘੜੀਆਂ ਹੋਈਆਂ ਹਨ ਤੇ ਫਿਰ ਉਨਾਂ ਦੇ ਅਨੁਸਾਰ ਨਰਕ ਤੇ ਸਵੱਰਗ ਦਾ ਝਾਂਸਾ ਦਿੱਤਾ ਜਾਂਦਾ ਹੈ ਲੋਕਾਂ ਨੂੰ। ਇੱਕ ਸਹਿਮ ਪਾਇਆ ਜਾਂਦਾ ਹੈ ਲੋਕਾਂ ਦੇ ਮਨਾਂ ਵਿੱਚ। ਸੱਚ ਤੇ ਜੋਰ ਨਹੀ ਦਿੱਤਾ ਗਿਆ। ਗਿਆਨ ਰਾਹੀ ਹੀ ਨਿਰੰਕਾਰ ਹਰੀ ਨੂੰ ਸਮਝਣਾ ਪਵੇਗਾ ਤੇ ਫਿਰ ਏਕੇ ਦੇ ਸੱਚ ਨੂੰ ਜੀਵਨ ਵਿੱਚ ਅਪਣਾਉਣਾ ਪਵੇਗਾ। ਨਿਰੰਕਾਰ ਦੀਆਂ ਕਿਰਤਾਂ ਨੂੰ ਹੀ ਵੇਦ ਪੂਜਾ ਦਾ ਸਾਧਨ ਬਨਾਈ ਜਾ ਰਹੇ ਹਨ। "ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥" ਇਹ ਅੱਗ, ਬੱਦਲ, ਸੂਰਜ, ਪਿੱਪਲ ਆਦਿ ਸਭ ਨਿਰੰਕਾਰ ਦੀਆਂ ਰਚਨਾਵਾਂ ਹਨ। ਉਹ ਨਿਰੰਕਾਰ ਰੱਬ ਨਹੀ ਹਨ। ਅਕਸਰ ਵੇਦ ਬਲੀ ਦਾ ਉਪਦੇਸ਼ ਦਿੰਦੇ ਹਨ । ਇਹ ਨਿਰੰਕਾਰ ਦੀਆਂ ਕਿਰਤਾਂ ਦਾ ਨਿਰਾਦਰ ਹੈ, ਜੁਲਮ ਹੈ। ਰੱਬ ਦੇ ਜੀਆਂ ਨੂੰ ਜਾਤਾਂ ਦੇ ਅਧਾਰ ਤੇ ਵੰਡਦੇ ਹਨ। ਪਰ ਰੱਬ ਦੇ ਰਾਹ ਦਾ ਪਾਂਧੀ ਭਾਉ ਤੇ ਭਉ ਕਰਕੇ ਹੀ ਉਸ ਦੀ ਖੁਸ਼ੀ ਹਾਸਲ ਕਰ ਸਕਦਾ ਹੈ।

ਹਾਜਰ ਪੰਡਤ ਨੇ ਸਵਾਲ ਕਰ ਦਿੱਤਾ ਕਿ ਤੁਸੀ ਕਿਵੇ ਕਹਿ ਸਕਦੇ ਹੋ ਕਿ ਵੇਦ ਗਿਆਨ ਰੱਬ ਦੀ ਪ੍ਰਾਪਤੀ ਦਾ ਰਾਹ ਨਹੀ। ਇਹ ਤਾਂ ਖ਼ੁੱਦ ਭਗਵਾਨ ਬ੍ਰਹਮਾ ਦੇ ਰਚੇ ਹੋਏ ਹਨ। ਸਾਹਿਬ ਨੇ ਫਰਮਾਇਆ " ਸਾਮ ਵੇਦੁ ਰਿਗੁ ਜੁਜਰੁ ਅਥਰਬਣੁ ॥ ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ॥ ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ ॥" ਸਾਹਿਬ ਨੇ ਸਮਝਾਇਆ ਕਿ ਇਹ ਵੇਦ ਬਾਣੀ ਪਦਾਰਥਵਾਦ ਵਿੱਚ ਹੀ ਉਲਝੀ ਪਈ ਹੈ। ਇਨਾਂ ਨੂੰ ਨਹੀ ਅਹਿਸਾਸ ਕਿ ਨਿਰੰਕਾਰ ਪ੍ਰਭੂ ਤਾਂ ਤੁਹਾਡੇ ਅੰਗ ਸੰਗ ਹੈ। ਪੰਡਤ ਨੇ ਜਿਆਦਾ ਜਿੱਦ ਕੀਤੀ ਤਾਂ ਗੁਰੂ ਸਾਹਿਬ ਨੇ ਉਨ੍ਹੂੰ ਯਾਦ ਦਿਵਾਇਆ ਕਿ ਬਨਾਰਸ ਸ਼ਹਿਰ ਦੀ ਤਾਂ ਉਤਪਤੀ ਹੀ ਬ੍ਰਹਮਾ ਦੀ ਮ੍ਰਿਤੂ ਤੋ ਹੈ। ਸ਼ਿਵ ਜੀ ਨੇ ਬ੍ਰਹਮਾ ਦਾ ਸੀਸ ਕੱਟ ਲਿਆਦਾ ਸੀ। ਪੰਡਤ ਨੂੰ ਸਵਾਲ ਕੀਤਾ ਕਿ ਇਥੇ ਕੌਣ ਜਾਇਜ ਹੈ ਸ਼ਿਵ ਭਗਵਾਨ ਜਾਂ ਭਗਵਾਨ ਬ੍ਰਹਮਾ?

ਗੁਰੂ ਸਾਹਿਬ ਨੇ ਕਿਹਾ ਕਿ ਵੇਦਾਂ ਵਿੱਚ ਸੋਹਣਾ ਗਿਆਨ ਹੈ ਪਰ ਇਹ ਪ੍ਰਭੂ ਪ੍ਰਾਪਤੀ ਦੀ ਗਲ ਹਰਗਿਜ਼ ਨਹੀ।

ਓਥੇ ਹੀ ਗੁਰੂ ਸਾਹਿਬ ਨੇ ਫਿਰ ਸ਼ਬਦ ਉਚਾਰੇ ਤੇ ਮਰਦਾਨੇ ਦੀ ਹੇਕ ਨੇ ਰੰਗ ਬੰਨ ਦਿੱਤਾ:-

ਮਃ ੧ ॥ ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥ ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥

ਪੰਡਤ ਤੇ ਸਾਧੂ ਜਨ ਜਿਹੜੇ ਹਾਜਰ ਸਨ, ਸਭ ਗੁਰੂ ਸਾਹਿਬ ਦੀ ਚਰਨੀ ਲੱਗੇ ਕਿ ਸਾਡੇ ਧੰਨਭਾਗ ਹਨ ਜੋ ਤੁਸੀ ਵਾਰਾਨਸੀ ਆਏ ਹੋ। ਸਾਡੇ ਜਿਹੇ ਜੀਆਂ ਤੇ ਦਿਆ ਕੀਤੀ ਹੈ।

ਨੋਟ - ਇਸ ਸ਼ਬਦ ਦੇ ਨਾਲ ਹੀ ਫਿਰ ਗੁਰੂ ਅੰਗਦ ਪਾਤਸ਼ਾਹ ਨੇ ਹੋਰ ਦੋ ਸਤਰਾਂ ਲਾ ਕੇ ਗਲ ਸਾਫ ਜ਼ਾਹਿਰ ਕਰ ਦਿੱਤੀ ਹੈ:- ਸਲੋਕ ਮਃ ੨ ॥ ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥ ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥ ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀਂ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥

ਬਨਾਰਸ ਵਿੱਚ ਬਾਬੇ ਦੀ ਧੰਨ ਧੰਨ ਹੋ ਗਈ ਸੀ। ਹਰ ਕੋਈ ਪੁੱਛ ਰਿਹਾ ਸੀ ਕਿ ਲਹੌਰ ਤੋਂ ਜੋ ਬਾਬਾ ਆਇਆ ਹੈ ਉਹਦੀ ਜਾਤ ਕੀ ਹੈ? ਉਹ ਤਾਂ ਬਹੁਤ ਹੀ ਘੱਟ ਖਾਣਾ ਖਾਂਦਾ ਹੈ। ਉਹ ਜਾਤ ਪਾਤ ਦੀ ਵੀ ਪ੍ਰਵਾਹ ਨਹੀ ਕਰਦਾ।

----◈-----

ਬਨਾਰਸ ਵਿੱਚ ਬਾਬਾ

## "ਨਿਰੰਕਾਰ! ਨਿਰੰਕਾਰ!! ਬਾਬਾ ਤੇਰਾ ਭਗਵਾਨ ਤਾਂ ਫਿਰ ਕੁਝ ਵੀ ਨਾਂ ਹੋਇਆ?"

ਇਕ ਵੇਲੇ ਫਿਰ ਕੁਝ ਬ੍ਰਾਹਮਣ ਬੜੇ ਸਤਿਕਾਰ ਪੂਰਬਕ ਗੁਰੂ ਸਾਹਿਬ ਨੂੰ ਕਹਿਣ ਲੱਗੇ ਕਿ ਬਾਬਾ ਜੀ ਤੁਸੀ ਮੂਰਤੀ ਪੂਜਾ ਤੋਂ ਮਨਾ ਕਰਦੇ ਹੋ, ਵੇਦ ਮੰਤਰ ਦਾ ਖੰਡਨ ਕਰਦੇ ਹੋ, ਹਰ ਪ੍ਰਚਲਤ ਸਿਧਾਂਤ ਨੂੰ ਤੁਸੀ ਨਕਾਰ ਰਹੇ ਹੋ। ਤੁਸੀ ਤਾਂ ਇਨਸਾਨ ਨੂੰ ਇੱਕ ਤਰਾਂ ਹਨੇਰੇ ਵਿੱਚ ਸੁੱਟ ਰਹੇ ਹੋ। ਅਖੇ ਉਹ ਰੱਬ ਜੋ ਹਰ ਥਾਂ ਹੈ, ਜਿਸਦਾ ਜਨਮ ਨਹੀ ਹੁੰਦਾ, ਜੋ ਮਰਦਾ ਨਹੀ, ਜੋ ਸੈਭੰ ਹੈ, ਜੋ ਨਿਰੰਕਾਰ ਹੈ। ਅਖੇ ਬਾਬਾ ਜੀ ਫਿਰ ਤਾਂ ਭਗਵਾਨ ਕੁਝ ਵੀ ਨਾਂ ਹੋਇਆ। ਤੁਸੀ ਸਿਰਫ ਨਿਰਾਕਾਰ ਦੀ ਪੂਜਾ ਕਰਵਾ ਰਹੇ ਹੋ ਇਸ ਤਰਾਂ ਬੰਦੇ ਨੂੰ ਕੀ ਸਹਾਰਾ ਮਿਲੇਗਾ?

ਓਥੇ ਫਿਰ ਗੁਰੂ ਸਾਹਿਬ ਨੇ ਬੜੇ ਪ੍ਰੇਮ ਪੂਰਬਕ ਤਰੀਕੇ ਨਾਲ ਸੰਗਤ ਨੂੰ ਸਮਝਾਇਆ ਕਿ ਮੇਰਾ ਨਿਰੰਕਾਰ ਨਿਰਾ ਨਿਰਗੁਣ ਨਹੀ ਉਹ ਸਰਗੁਣ ਹੈ। (ਹੋਰ ਵਿਆਖਿਆ ਲਈ ਵੇਖੋ ਸ਼ਿੰਗੋਰੀ ਸਾਖੀ ਸਫਾ 215)

ਸਾਹਿਬ ਨੇ ਫਿਰ ਸਮਝਾਇਆ ਕਿ ਸਾਡਾ ਮਾਲਕ ਹਰ ਜੀਅ ਦੇ ਨਾਲ ਹੈ। ਸਵਾਲ ਕਰਨ ਵਾਲੇ ਪੰਡਤ ਨੂੰ ਕਿਹਾ ਕਿ ਤੂੰ ਵੀ ਸ਼ਾਖਸਾਤ ਓਸੇ ਦਾ ਰੂਪ ਹੈਂ ਜੇ ਤੇਰੀ ਹਊਮੇ ਮਿੱਟ ਜਾਏ ਤਾਂ। ਇਹ ਸਾਰਾ ਖੇਲ ਉਸ ਏਕੇ ਦਾ ਹੀ ਹੈ। ਇਹ ਜਗਤ ਇੱਕ ਖੇਡ ਤਮਾਸ਼ਾ ਹੈ ਜਿਸ ਵਿੱਚ ਨਿਰੰਕਾਰ ਹਰਿ ਨੇ ਵੱਖ ਰੂਪ ਧਾਰੇ ਹੋਏ ਹਨ। ਬਸ ਆਪਣੀ ਹਊਮੇ ਹਟਾ ਕੇ ਵੇਖੋ ਤੁਸੀ ਉਹਦਾ ਹੀ ਰੂਪ ਹੋ।

ਓਥੇ ਫਿਰ ਗੁਰੂ ਸਾਹਿਬ ਨੇ ਵੈਰਾਗ ਵਿੱਚ ਆ ਕੇ ਸਬਦ ਉਚਾਰਿਆ ਆਪੇ ਬਹੁ ਬਿਧਿ ਰੰਗਲਾ ਸਖੀਏ ਮੇਰਾ ਲਾਲ।

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥ ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥ ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥ ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥ ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥ ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫॥

ਮਰਦਾਨੇ ਦੀ ਰਬਾਬ ਨੇ ਨਾਲ ਅਜਿਹਾ ਰੰਗ ਬੰਨ ਦਿੱਤਾ ਕਿ ਹਰ ਕੋਈ ਸੁੱਧ ਬੁੱਧ ਭੁਲਾ ਬੈਠਾ। ਹਰ ਕੋਈ ਬੋਲੇ ਧੰਨ ਬਾਬਾ ਨਾਨਕ ਤੂੰ ਆਪ ਹੀ ਨਿਰੰਕਾਰ ਏ।

## ਹੋਰ ਵੀ ਕਈ ਥਾਂਈ ਇਹੋ ਸਵਾਲ ਉਠਿਆ ਸੀ।

ਇਹ ਸਭ ਪਾਸੇ ਹਰੀ ਆਪ ਹੀ ਖੇਡ ਖੇਡ ਰਿਹਾ ਹੈ। ਇਸ ਫਲਸਫੇ ਤੇ ਫਿਰ ਥਾਂਈ ਥਾਂਈ ਸਵਾਲ ਉਠੇ ਸਨ। ਅਨੇਕਾਂ ਹੀ ਸਬਦ ਫਿਰ ਗੁਰੂ ਸਾਹਿਬ ਨੇ ਵੱਖ ਵੱਖ ਮੌਕਿਆਂ ਤੇ ਉਚਾਰੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਬਰਾਜਮਾਨ ਵੇਖੋ ਕੁਝ ਇਕ ਸ਼ਬਦਾਂ ਦੀਆਂ ਸਬੰਧਤ ਤੁਕਾਂ:

ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥ ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥ (ਸਗਗਸ-੪੩੩)

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥(ਸਗਗਸ-੪੭੫)

ਜੋ ਦੀਸੈ ਸੋ ਆਪੇ ਆਪਿ ॥ ਆਪਿ ਉਪਾਇ ਆਪੇ ਘਟ ਥਾਪਿ ॥(ਸਗਗਸ-੯੩੧)

ਆਪੇ ਆਪਿ ਵਰਤਦਾ ਆਪਿ ਤਾੜੀ ਲਾਈਅਨੁ ॥ ਆਪੇ ਹੀ ਉਪਦੇਸਦਾ ਗੁਰਮੁਖਿ ਪਤੀਆਈਅਨੁ ॥ ਇਕਿ ਆਪੇ ਉਝੜਿ ਪਾਇਅਨੁ ਇਕਿ ਭਗਤੀ ਲਾਇਅਨੁ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਆਪੇ ਨਾਇ ਲਾਈਅਨੁ ॥ ਨਾਨਕ ਨਾਮੁ ਧਿਆਈਐ ਸਚੀ ਵਡਿਆਈ ॥(ਸਗਗਸ-੯੫੬)

ਸਿਰੀਰਾਗੁ ਮਹਲਾ ੧ ॥ ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥ ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ

॥੧॥ ਹਰਿ ਜੀਉ ਤੂੰ ਕਰਤਾ ਕਰਤਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥ ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥ ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥ ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥ ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥ ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥ ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥ ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥੪॥ ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥ ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥ ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥੫॥ ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥ ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥ ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥ ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ ॥ ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥ ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥ ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥੮॥੩॥(ਸਗਗਸ-੫੫)

ਮਾਰੂ ਸੋਲਹੇ ਮਹਲਾ ੧ ੴ ਸਤਿਗੁਰ ਪ੍ਰਸਾਦਿ ॥

ਸਾਚਾ ਸਚੁ ਸੋਈ ਅਵਰੁ ਨ ਕੋਈ ॥ ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥ ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ ॥੧॥ ਆਪਿ ਉਪਾਏ ਆਪਿ ਖਪਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥ ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ ॥੨॥ ਆਪੇ ਦਾਨਾ ਆਪੇ ਬੀਨਾ ॥ ਆਪੇ ਆਪੁ ਉਪਾਇ ਪਤੀਨਾ ॥ ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ ॥੩॥ ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥ ਆਪੇ ਪੁਰਖੁ ਆਪੇ ਹੀ ਨਾਰੀ ॥ ਆਪੇ ਪਾਸਾ ਆਪੇ ਸਾਰੀ ॥ ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ ॥੫॥ ਆਪੇ ਭਵਰੁ ਫੁਲੁ ਫਲੁ ਤਰਵਰੁ ॥ ਆਪੇ ਜਲੁ ਥਲੁ ਸਾਗਰੁ ਸਰਵਰੁ ॥ ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥ ਆਪੇ ਦਿਨਸੁ ਆਪੇ ਹੀ ਰੈਣੀ ॥ ਆਪਿ ਪਤੀਜੈ ਗੁਰ ਕੀ ਬੈਣੀ ॥ ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ ॥੭॥ ਆਪੇ ਰਤਨੁ ਅਨੂਪੁ ਅਮੋਲੋ ॥ ਆਪੇ ਪਰਖੇ ਪੂਰਾ ਤੋਲੋ ॥ ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੮॥ ਆਪੇ ਧਨਖੁ ਆਪੇ ਸਰਬਾਣਾ ॥ ਆਪੇ ਸੁਘੜੁ ਸਰੂਪੁ ਸਿਆਣਾ ॥ ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ ॥੯॥ ਪਉਣੁ ਗੁਰੂ ਪਾਣੀ ਪਿਤ ਜਾਤਾ ॥ ਉਦਰ ਸੰਜੋਗੀ ਧਰਤੀ ਮਾਤਾ ॥ ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ ॥੧੦॥ ਆਪੇ ਮਛੁਲੀ ਆਪੇ ਜਾਲਾ ॥ ਆਪੇ ਗਊ ਆਪੇ ਰਖਵਾਲਾ ॥ ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥੧੧॥ ਆਪੇ ਜੋਗੀ ਆਪੇ ਭੋਗੀ ॥ ਆਪੇ ਰਸੀਆ ਪਰਮ ਸੰਜੋਗੀ ॥ ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ ॥੧੨॥ ਖਾਣੀ ਬਾਣੀ ਤੁਝਹਿ ਸਮਾਣੀ ॥ ਜੋ ਦੀਸੈ ਸਭ ਆਵਣ ਜਾਣੀ ॥ ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ ॥੧੩॥ ਸਬਦੁ ਬੁਝਾਏ ਸਤਿਗੁਰੁ ਪੂਰਾ ॥ ਸਰਬ ਕਲਾ ਸਾਚੇ ਭਰਪੂਰਾ ॥ ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ ਹੇ ॥੧੪॥ ਕਾਲੁ ਬਿਕਾਲੁ ਭਏ ਦੇਵਾਨੇ ॥ ਸਬਦੁ ਸਹਜ ਰਸੁ ਅੰਤਰਿ ਮਾਨੇ ॥ ਆਪੇ ਮੁਕਤਿ ਤ੍ਰਿਪਤਿ ਵਰਦਾਤਾ ਭਗਤਿ ਭਾਇ ਮਨਿ ਭਾਈ ਹੇ ॥੧੫॥ ਆਪਿ ਨਿਰਾਲਮੁ ਗੁਰ ਗਮ ਗਿਆਨਾ ॥ ਜੋ ਦੀਸੈ ਤੁਝ ਮਾਹਿ ਸਮਾਨਾ ॥ ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥ (ਸਗਗਸ-੧੦੨੧)

----◈-----

ਬਨਾਰਸ ਵਿੱਚ ਬਾਬਾ

## ਭਗਤ ਕਬੀਰ ਤੇ ਭਗਤ ਰਵਿਦਾਸ ਦੀ ਬਾਣੀ ਇਕੱਤਰ ਕੀਤੀ

ਜਦੋਂ ਤੱਕ ਗੁਰੂ ਸਾਹਿਬ ਬਨਾਰਸ ਗਏ ਭਗਤ ਕਬੀਰ ਦੀ ਮਸ਼ਹੂਰੀ ਦੂਰ ਦੂਰ ਤੱਕ ਹੋ ਚੁੱਕੀ ਸੀ। ਗੁਰੂ ਸਾਹਿਬ ਤੇ ਭਗਤ ਕਬੀਰ ਦੀ ਵਿੱਚਾਰਧਾਰਾ ਵਿੱਚ ਵੀ ਬਹੁਤ ਹੱਦ ਤੱਕ ਸਮਾਨਤਾ ਮਿਲਦੀ ਹੈ। (ਵਿਚਾਰਧਾਰਾ ਜੋ ਮਾਮੂਲੀ ਫਰਕ ਹੈ ਉਹ ਹੈ ਭਗਤ ਜੀ ਸਨਿਆਸ ਪੱਖੀ ਸਨ ਜਦੋਂ ਕਿ ਗੁਰੂ ਸਾਹਿਬ ਨੇ ਗ੍ਰਿਸਤ ਤੇ ਜੋਰ ਦਿੱਤਾ ਹੈ, ਲੱਗਦੈ ਭਗਤ ਜੀ ਬੰਦੇ ਦੀ ਖੁਰਾਕ ਬਾਰੇ ਵੀ ਕਿਤੇ ਇਸ਼ਾਰੇ ਦਿੰਦੇ ਹਨ, ਜਦੋਂ ਕਿ ਗੁਰੂ ਸਾਹਿਬ ਦੇ ਖਾਣੇ ਆਦਿ ਵਿੱਚ ਵਹਿਮ ਨਹੀ ਸੀ ਕਰਦੇ) ਗੁਰੂ ਸਾਹਿਬ ਪੁੱਜ ਕੇ ਰੱਬ ਦੇ ਪਿਆਰਿਆਂ ਨੂੰ ਮਿਲਣ ਜਾਂਦੇ ਸਨ। ਕਈ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਭਗਤ ਕਬੀਰ ਸਾਹਿਬ ਨਾਲ ਮੇਲ ਹੋਣਾ ਵੀ ਲਿਖਿਆ ਹੈ ਜੋ ਕਿ ਅਜੋਕੀਆਂ ਖੋਜਾਂ ਨੇ ਸਾਬਤ ਕਰ ਦਿੱਤਾ ਹੈ ਕਿ ਗਲਤ ਹੈ। ਕਬੀਰ ਸਾਹਿਬ ਦਾ ਜੋਤੀ ਜੋਤ ਸਮਾਉਣਾ 1448 ਈ ਵਿੱਚ ਹੀ ਹੋ ਜਾਂਦਾ ਹੈ ਕਿਉਕਿ ਭਾਰਤੀ ਪੁਰਾਤਤਵ ਸਰਵੇ ਮੁਤਾਬਿਕ 1450 ਈ. ਵਿੱਚ ਕਬੀਰ ਸਾਹਿਬ ਦਾ ਸ਼ਰਧਾਲੂ ਨਵਾਬ ਬਿਜਲੀ ਖਾਂ ਉਨਾਂ ਦੀ ਸੰਕੇਤਕ ਕਬਰ ਮਗਹਰ ਵਿੱਚ ਬਣਾਉਦਾ ਹੈ। ਉਂਜ ਵੀ ਕਬੀਰ ਸਾਹਿਬ ਦੇ ਜਨਮ ਸੰਨ ਤੇ ਕੋਈ ਦੁਬਿਧਾ ਨਹੀ ਹੈ ਭਾਵ 1398 ਈ.। ਜੇ ਜਨਮ ਪਿੱਛੋ ਦਾ ਦਿਖਾਉਦੇ ਹਨ ਤਾਂ ਭਗਤ ਰਾਮਾਨੰਦ ਨਾਲ ਮੇਲ ਨਹੀ ਹੋ ਸਕਦਾ ਕਿਉਕਿ ਰਾਮਾਨੰਦ 1410 ਈ. ਨੂੰ ਸਮਾ ਜਾਂਦੇ ਹਨ। ਸਾਡਾ ਕਹਿਣ ਤੋਂ ਮਤਲਬ ਕਬੀਰ ਸਾਹਿਬ ਦਾ ਬਾਬੇ ਨਾਲ ਮੇਲ ਨਹੀ ਸੀ ਹੋਇਆ। ਪਰ ਗੁਰੂ ਸਾਹਿਬ ਓਨਾਂ ਦੇ ਕਾਂਸ਼ੀ ਵਿੱਚਲੇ ਸਥਾਨ ਗਏ ਤੇ ਜਾ ਕੇ ਕਬੀਰ ਸਾਹਿਬ ਦੀ ਬਾਣੀ ਦਾ ਉਤਾਰਾ ਪ੍ਰਾਪਤ ਕੀਤਾ।

ਏਸੇ ਤਰਾਂ ਗੁਰੂ ਸਾਹਿਬ ਨੇ ਭਗਤ ਰਵਿਦਾਸ ਸਾਹਿਬ ਦੀ ਬਾਣੀ ਦਾ ਉਤਾਰਾ ਵੀ ਪ੍ਰਾਪਤ ਕੀਤਾ।

ਇਹ ਗਲ ਸਾਬਿਤ ਹੋ ਚੁੱਕੀ ਹੈ ਕਿ ਭਗਤ ਬਾਣੀ (ਰਵਿਦਾਸ, ਨਾਮਦੇਵ, ਕਬੀਰ, ਤਿਰਲੋਚਨ, ਸੈਣ ਤੇ ਜੈਦੈਵ ਦੀ) ਗੁਰੂ ਨਾਨਕ ਪਾਤਸ਼ਾਹ ਖੁੱਦ ਹੀ ਇਕੱਤਰ ਕਰਕੇ ਲੈ ਆਏ ਸਨ ਕਿਉਕਿ ਆਦਿ ਪੋਥੀਆਂ ਵਿੱਚ ਦਰਜ ਹੈ ਜਿਸ ਦਾ ਉਤਾਰਾ ਗੁਰੂ ਅਮਰਦਾਸ ਪਾਤਸ਼ਾਹ ਨੇ ਕਰਵਾਇਆ ਸੀ। ਉਹ ਪੋਥੀ ਜੋ ਭਾਈ ਮੋਹਨ ਨੇ ਪੰਚਮ ਪਾਤਸ਼ਾਹ ਨੂੰ ਸੌਂਪੀ ਸੀ।◉

----◈-----

ਬਨਾਰਸ ਵਿੱਚ ਬਾਬਾ

## ਬਾਬਾ ਤੂੰ ਸੱਪਾਂ ਦੀ ਰੁੱਡ ਵਿੱਚ ਕਿਵੇ ਹੱਥ ਪਾ ਦਿੰਦੈ? ਤੈਨੂੰ ਡਰ ਨਹੀ ਲੱਗਦਾ? ●

ਜਿਵੇ ਦੱਸਿਆ ਹੈ ਕਿ ਗੁਰੂ ਸਾਹਿਬ ਦੀ ਮਸ਼ਹੂਰੀ ਤਾਂ ਚਾਰ ਚੁਫੇਰੇ ਪਹਿਲਾਂ ਹੀ ਹੋ ਚੁੱਕੀ ਸੀ ਤੇ ਕਾਸ਼ੀ ਆ ਉਨਾਂ ਫਿਰ ਪਾਂਡਿਆਂ ਦੇ ਨਾਸਾਂ ਵਿੱਚ ਦਮ ਕਰ ਦਿੱਤਾ ਸੀ। ਇਹ ਖਬਰਾਂ ਭਗਤਾਂ ਤੇ ਜੋਗੀਆਂ ਤੱਕ ਵੀ ਪਹੁੰਚ ਚੁੱਕੀਆਂ ਸਨ। ਖੁੱਦ ਰੱਬ ਦੇ ਪਿਆਰੇ ਵੀ ਦੇਖ ਰਹੇ ਸਨ ਕਿ ਪਾਂਡੇ ਮਾਇਆ ਮੋਹ ਵਿੱਚ ਆ ਕੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਪਰ ਸੰਨਿਆਸੀ ਵਿੱਚਾਰਧਾਰਾ ਕਹਿੰਦੀ ਹੈ ਕਿ ਤੁਸੀ ਪੰਗਾ ਨਾਂ ਲਓ, ਜੋ ਕਰਦਾ ਹੈ ਭੁਗਤੇਗਾ ਵੀ ਓਹੀ। ਪਰ ਗੁਰੂ ਸਾਹਿਬ ਦੀ ਜੁਅਰਤ ਸੀ ਕਿ ਬੁਰੇ ਦੇ ਮੂੰਹ ਤੇ ਜਾ ਕੇ ਉਨੂੰ ਬੁਰਾ ਕਹਿੰਦੇ ਸਨ ਪਰ ਸਾਹਿਬ ਵਿੱਚ ਗਲ ਕਹਿਣ ਦਾ ਸਲੀਕਾ ਸੀ। ਉਨਾਂ ਦੇ ਮੰਨ ਵਿੱਚ ਨਫਰਤ ਨਹੀ ਸੀ ਹੁੰਦੀ। ਉਪ ਪਾਪੀ ਨਾਲ ਵੀ ਪਿਆਰ ਤੇ ਹਮਦਰਦੀ ਨਾਲ ਪੇਸ਼ ਆਉਦੇ ਸਨ। ਨਿਮ੍ਰਤਾ ਦਾ ਉਹ ਸਾਗਰ ਸਨ।

ਪਰ ਕਾਂਸ਼ੀ ਵਿੱਚ ਜਦੋਂ ਉਹ

ਪੈੜ ਸਰੋਤ
◉ ਸੁਰਜੀਤ ਸਿੰਘ ਗਾਂਧੀ
● ਗਿਆਨੀ ਗਿਆਨ ਸਿੰਘ ਮੁਤਾਬਿਕ

ਭਗਤ ਰਾਮਾਨੰਦ ਦੇ ਉਤਰਾਧਿਕਾਰੀ ਸਵਾਮੀ ਪ੍ਰਮਾਨੰਦ ਨੂੰ ਮਿਲੇ ਤਾਂ ਪਰਮਾਨੰਦ ਨੇ ਪਹਿਲਾ ਸਵਾਲ ਹੀ ਇਹ ਕਰ ਦਿੱਤਾ ਕਿ ਨਾਨਕ ਤੇਰੇ 'ਚ ਐਸੀ ਕੀ ਸ਼ਕਤੀ ਹੈ ਕਿ ਤੂੰ ਤਾਂ ਸਿੱਧਾ ਸੱਪ ਦੀ ਰੁੱਡ ਵਿੱਚ ਹੱਥ ਪਾ ਦਿੰਦੈ, ਇਹ ਪਾਂਡੇ ਤਾਂ ਕਦੀ ਬੜੀ ਬਦਤਮੀਜ਼ੀ ਨਾਲ ਪੇਸ਼ ਆਉਂਦੇ ਨੇ?

ਓਥੇ ਗੁਰੂ ਸਾਹਿਬ ਨੇ ਆਪਣੀ ਨਿਡਰਤਾ ਦਾ ਰਾਜ ਦਸਦੇ ਹੋਏ ਕਿਹਾ ਸੀ ਕਿ ਹਰ ਵੇਲੇ ਮੇਰੇ ਹਿਰਦੇ ਵਿੱਚ ਨਿਰੰਕਾਰ ਦਾ ਡਰ ਸਮਾਇਆ ਰਹਿੰਦਾ ਹੈ। ਉਹਦੇ ਗਿਆਨ ਨੇ ਮੇਰੇ ਡਰ ਮੇਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ।

ਗਉੜੀ ਮਹਲਾ ੧ ॥ ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥ ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥੨॥ ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥ ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥ ਜਿਸ ਕਾ ਕੋਇ ਕੋਈ ਕੋਇ ਕੋਇ ॥ ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥ ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥੪

---◆---

ਬਨਾਰਸ ਵਿੱਚ ਬਾਬਾ

## ਰਾਜਾ ਬੋਲਿਆ "ਬਾਬਾ ਮੈਨੂੰ ਵੀ ਆਪਣੇ ਨਾਲ ਲੈ ਚਲ"

ਜਨਮ ਸਾਖੀ ਵਿੱਚ ਆਉਂਦਾ ਹੈ ਕਿ ਗੁਰੂ ਨਾਨਕ ਬਨਾਰਸ ਦੇ ਨੇੜੇ ਹੀ ਕਿਸੇ ਹੋਰ ਸ਼ਹਿਰ ਵਿੱਚ ਜਾ ਪਹੁੰਚੇ ਤੇ ਚੁੱਪ ਚਾਪ ਜਾ ਕੇ ਇੱਕ ਟਿਕਾਣੇ ਤੇ ਬਹਿ ਗਏ। ਲੱਗਦਾ ਹੈ ਕਿ ਬਨਾਰਸ ਵਿੱਚ ਓਨਾਂ ਦਾ ਬਹੁਤਾ ਸਮਾਂ ਪ੍ਰਚਾਰ ਵਿੱਚ ਨਿਕਲਿਆ ਤੇ ਨਿਰੰਕਾਰ ਦੇ ਸਿਮਰਨ ਲਈ ਆਮ ਨਾਲੋਂ ਘੱਟ ਵਕਤ ਮਿਲਿਆ ਸੀ।

ਮਰਦਾਨੇ ਕੋਲੋਂ ਲੋਕਾਂ ਨੂੰ ਪਤਾ ਤਾਂ ਲੱਗ ਗਇਆ ਕਿ ਇਹੋ ਬਾਬਾ ਨਾਨਕ ਨੇ ਲਹੌਰ ਵਾਲੇ। ਹਰ ਕਿਸੇ ਦੀ ਇਛਾ ਹੋ ਰਹੀ ਸੀ ਗੁਰੂ ਬਾਬੇ ਦੇ ਬਚਨ ਸੁਣਨ ਦੀ। ਪਰ ਗੁਰੂ ਸਾਹਿਬ ਆਪਣੀ ਧੁੰਨ ਵਿੱਚ ਮਸਤ ਬਿਰਾਜੇ ਹੀ ਰਹੇ।

ਗੁਰੂ ਸਾਹਿਬ ਦਾ ਆਉਣਾ ਸੁਣ ਕੇ ਇਲਾਕੇ ਦਾ ਰਾਜਾ ਹਰਿਨਾਥ ਆਪ ਨੰਗੇ ਪੈਰੀ ਦਰਸ਼ਨਾਂ ਲਈ ਆਇਆ। ਗੁਰੂ ਸਾਹਿਬ ਕੋਲ ਅਰਜੋਈ ਕੀਤੀ ਕਿ ਸਾਹਿਬ ਬਹੁਤ ਲੋਕਾਂ ਨੂੰ ਤੁਹਾਡੇ ਬਚਨ ਸੁਣਨ ਦੀ ਤਾਂਘ ਹੈ। ਕਿਹਾ ਜਾਂਦਾ ਓਦੋਂ ਫਿਰ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਿਆ:-

ਧਨਾਸਰੀ ਮਹਲਾ ੧ ॥ ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥੧॥ ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥੧॥ ਰਹਾਉ ॥ ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿੱਤੀ ਬੋਲੇ ਤਾਤੁ ॥ ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥੨॥ ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥ ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥੩॥ ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥

ਰਾਜੇ ਨੂੰ ਦੱਸਿਆ ਕਿ ਮੇਰੀ ਹਾਲਤ ਤਾਂ ਰੋਗੀ ਵਰਗੀ ਹੋਈ ਪਈ ਸੀ। ਮੈਂ ਆਪਣੇ ਮਾਲਕ ਦਾ ਸ਼ੁਕਰਾਨੇ ਵਿੱਚ ਦੇਰੀ ਕਰਦਾ ਰਿਹਾ। ਨਿਰੰਕਾਰ ਦੀ ਕਿਰਪਾ ਹੁੰਦੀ ਹੈ ਜਦੋਂ ਉਹਦਾ ਨਾਉ ਆਖਣ ਦਾ ਮੌਕਾ ਮਿਲਦਾ ਹੈ।

ਰਾਜੇ ਨਾਲ ਬਹੁਤ ਗੱਲਾਂ ਬਾਤਾਂ ਹੋਈਆਂ। ਲੱਗਦੈ ਇੱਕ ਦੋ ਦਿਨ ਰੁਕੇ ਵੀ ਹੋਣਗੇ। ਆਖਿਰ ਇੱਕ ਦਿਨ ਰਾਜਾ ਖਹਿੜੇ ਪੈ ਗਇਆ ਕਿ ਬਾਬਾ ਮੈਨੂੰ ਵੀ ਆਪਣੇ ਚਰਨਾਂ ਵਿੱਚ ਥਾਂ ਦੇ ਦੇ। ਮੈਂ ਵੀ ਰਾਜ ਭਾਗ ਤਿਆਗ ਕੇ ਤੇਰੇ ਨਾਲ ਜਾਣਾ ਚਾਹੁੰਦਾ ਹਾਂ।

ਗੁਰੂ ਸਾਹਿਬ ਨੇ ਕਿਹਾ "ਨਹੀ ਰਾਜਾ, ਨਹੀ। "

"ਗ੍ਰਿਸਤ ਧਰਮ ਹੀ ਸਭ ਤੋਂ ਉਤਮ ਧਰਮ ਹੈ। ਜਰੂਰਤ ਹੈ ਇਨਸਾਨ ਮਾਲਕ ਦਾ ਹੁਕਮ ਪਛਾਣੇ ਤੇ ਭਾਣੇ ਵਾਲਾ ਜੀਵਨ ਅਖਤਿਆਰ ਕਰੇ। (ਵੇਖੋ ਸਫਾ 124 ਅਤੇ 334) ਮਨ ਵਿੱਚ ਦਇਆ, ਸਤ, ਸੰਤੋਖ ਹੋਵੇ। ਰਾਜਾ ਤੈਨੂੰ ਖੁਸ਼ੀ ਪ੍ਰਾਪਤੀ ਲਈ ਘਰ ਤਿਆਗਣ ਦੀ ਜਰੂਰਤ ਨਹੀ। ਤੈਨੂੰ ਮਾਇਆ ਵਿੱਚ ਹੀ ਉਦਾਸ ਹੋਣਾ ਪਵੇਗਾ। ਫਿਰ ਵੇਖੀ ਖੇੜਾ ਹੀ ਖੇੜਾ ਹੈ। ਫਿਰ ਚੜਦੀ ਕਲ੍ਹਾ ਦਾ ਜੀਵਨ ਹੈ। ਸਾਧੂ ਦਾ ਵੀ ਕੋਈ ਜੀਵਨ ਹੈ ਇੱਕ ਪਾਸੇ ਗ੍ਰਿਸਤ ਤਿਆਗਦਾ ਹੈ ਤੇ ਜਦੋਂ ਭੁਖ ਲੱਗਦੀ ਹੈ ਤਾਂ ਠੂਠਾ ਗ੍ਰਿਸਤੀ ਅੱਗੇ ਡਾਹ ਦਿੰਦਾ ਹੈ?


ਲਗਦੈ ਓਦੋਂ ਹੀ ਮਾਰੂ ਵਿੱਚ ਗੁਰੂ ਸਾਹਿਬ ਨੇ ਸ਼ਬਦ ਬੋਲਿਆ। ਮਰਦਾਨੇ ਦੀ ਰਬਾਬ ਨੇ ਸਾਰਾ ਸ਼ਹਿਰ ਝੂੰਮਣ ਲਾ ਦਿੱਤਾ।

ਮਾਰੂ ਮਹਲਾ ੧ ॥ ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥ ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥ ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥੨॥ ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥ ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥ ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥ ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥ ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥ ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥ ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥ ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥ ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥ ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥ ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥ ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥ ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥ ਬ੍ਰਹਮਾ ਬਿਸਨੁ

ਫੁਟ ਨੋਟ

ਕਿਰਪਾਲ ਸਿੰਘ ਅਨੁਸਾਰ ਰਾਜਾ ਹਰਿਨਾਥ ਚਮੌਲੀ ਦਾ ਰਾਜਾ ਸੀ।

ਰਾਜੇ ਹਰਿਨਾਥ ਦੇ ਨਾਂ ਤੇ ਬਨਾਰਸ ਦੇ 30 ਕਿਲੋਮੀਟਰ ਉਤਰ-ਪੱਛਮ ਵਿੱਚ ਇੱਕ ਛੋਟਾ ਜਿਹਾ ਪੁਰਾਣਾ ਕਸਬਾ ਹਰਿਨਾਥਪੁਰ ਹੈ। ਇਸ ਲਿਖਾਰੀ ਨੇ ਫੋਨ ਰਾਂਹੀ ਕੁਝ ਪੜੇ ਲਿਖੇ ਲੋਕਾਂ ਨਾਲ ਓਥੇ ਗਲ ਕੀਤੀ ਉਨਾਂ ਦਾ ਮੰਨਣਾ ਹੈ ਕਿ ਇਹ ਇੱਕ ਪੁਰਾਣਾ ਕਸਬਾ ਹੈ ਜਿਥੋਂ ਖੁਦਾਈ ਦੌਰਾਨ ਪੁਰਾਣੀਆਂ ਵਸਤਾਂ ਨਿਕਲਦੀਆਂ ਰਹਿੰਦੀਆਂ ਨੇ। ਧੰਨ ਗੁਰੂ ਨਾਨਕ ਤੇ ਧੰਨ ਜਨਮ ਸਾਖੀਆਂ ਦੇ ਲਿਖਾਰੀ ਜਿੰਨਾਂ ਇਹ ਪ੍ਰਦੇਸੀ ਨਾਮ ਯਾਦ ਰੱਖ ਕੇ ਲਿਖੇ।



ਬੀ:40 ਤਸਵੀਰ। ਠੱਗ ਗੁਰੂ ਸਾਹਿਬ ਅੱਗੇ ਹੱਥ ਬੰਨੀ ਬੈਠੇ ਹਨ।

ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥ ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥ ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥ ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥

----◆-----

ਬਨਾਰਸ ਲਾਗੇ

## ਬਾਬਾ ਫਿਰ ਆਇਆ ਠੱਗਾਂ ਦੇ ਕਾਬੂ

ਬਨਾਰਸ ਤੋਂ ਚੱਲ ਕੇ ਬਾਬਾ ਅਯੁਧਿਆ ਤੀਰਥ ਵਲ ਚਲ ਰਿਹਾ ਸੀ। ਰਸਤੇ 'ਚ ਇੱਕ ਥਾਂ ਜਦੋਂ ਸ਼ਾਮਾਂ ਪੈਣ ਵਾਲੀਆਂ ਸਨ ਤਾਂ ਦਾਨਾ ਜਿਹਾ ਦਿੱਖਣ ਵਾਲਾ ਇਕ ਬੰਦਾ ਟੱਕਰ ਗਿਆ। ਉਸ ਨੇ ਗੁਰੂ ਸਾਹਿਬ ਨੂੰ ਬਹੁਤ ਗਹੁ ਨਾਲ ਵੇਖਿਆ।ਕਿਉਕਿ ਗੁਰੂ ਸਾਹਿਬ ਦੀ ਪੁਸ਼ਾਕ ਜਾਂ ਪਹਿਰਾਵਾ ਰਲਿਆ ਮਿਲਿਆ ਹੁੰਦਾ ਸੀ। ਭਾਵ ਪਤਾ ਨਹੀ ਸੀ ਲਗਦਾ ਇਹ ਕੋਈ ਸੰਨਿਆਸੀ ਹੈ ਕਿ ਮੁਸਲਮਾਨ ਫਕੀਰ। ਫਿਰ ਸਾਹਿਬ ਦਾ ਗੋਰਾ ਰੰਗ, ਭਖਦਾ ਚਿਹਰਾ। ਬੰਦੇ ਨੂੰ ਸ਼ੱਕ ਹੋ ਗਇਆ ਕਿ ਇਹ ਬੰਦਾ ਕੋਈ ਧਨਾਢ ਹੈ ਤੇ ਸਫਰ ਕਰਕੇ ਐਵੇਂ ਸਾਧੂਆਂ ਵਾਲਾ ਭੇਸ ਬਣਾਇਆ ਹੋਇਆ ਹੈ।

ਲੱਗਾ ਗੁਰੂ ਸਾਹਿਬ ਨੂੰ ਗੱਲੀ ਬਾਤੀ ਲਾਉਣ, ਨਾਲੇ ਹਮਦਰਦੀ ਪਇਆ ਜਿਤਾਵੇ ਕਿ ਅਜੇ ਤਾਂ ਤੁਹਾਡੀ ਮੰਜ਼ਲ ਦੂਰ ਹੈ। ਥੱਕੇ ਹੋਏ ਲੱਗਦੇ ਹੋ। ਨੇੜੇ ਹੀ ਸਾਡਾ ਘਰ ਹੈ, ਆਓ ਅੱਜ ਸਾਡੇ ਗਰੀਬਖਾਨੇ ਰਾਤ ਗੁਜਾਰੋ। ਗੁਰੂ ਸਾਹਿਬ ਨੇ ਹਾਂ ਕਰ ਦਿੱਤੀ। ਉਹ ਬੰਦਾ ਗੁਰੂ ਸਾਹਿਬ ਤੇ ਮਰਦਾਨੇ ਨੂੰ ਆਪਣੇ ਘਰ ਲੈ ਗਇਆ। ਆਓ ਭਗਤ ਕੀਤੀ।

ਜਿੱਥੇ ਉਹ ਲੈ ਕੇ ਗਇਆ, ਦਰ ਅਸਲ ਉਹ ਸਾਰੀ ਬਸਤੀ ਹੀ ਠੱਗਾਂ ਡਾਕੂਆਂ ਦੀ ਸੀ। (ਯਾਦ ਰਹੇ ਪੁਰਾਣੇ ਸਮਿਆਂ 'ਚ ਯੂ ਪੀ ਦੇ ਇਲਾਕੇ ਵਿੱਚ ਠੱਗੀ ਇੱਕ ਪੇਸ਼ਾ ਸੀ। ) ਇਹ ਲੋਕ ਬੰਦੇ ਨੂੰ ਪਹਿਲਾਂ ਠੱਗ ਕੇ ਆਪਣੇ ਕਬਜੇ 'ਚ ਲੈ ਤੇ ਫਿਰ ਲੁੱਟ ਤੇ ਅਮੂਮਨ ਸਬੂਤ ਮਿਟਾਉਣ ਵਾਸਤੇ ਕਦੀ ਮਾਰ ਹੀ ਦਿਆ ਕਰਦੇ ਸਨ। ਇਹ ਗੋਰਖ-ਧੰਦਾ ਲੋਕ ਰਲ ਕੇ ਕਰਦੇ ਸਨ।

ਸੋ ਜਦੋਂ ਬਾਬਾ ਨਾਨਕ ਤੇ ਮਰਦਾਨਾ ਠੱਗ ਦੇ ਘਰ ਪਹੁੰਚੇ ਤਾਂ ਸਾਰੀ ਬਸਤੀ ਵਿੱਚ ਖਬਰ ਹੋ ਗਈ ਕਿ ਇੱਕ ਮਾਲਦਾਰ ਸ਼ਿਕਾਰ ਅੱਜ ਫਸਿਆ ਹੈ। ਜੋ ਉਨਾਂ ਦਾ ਵਰਤਾਰਾ ਹੁੰਦਾ ਸੀ ਕਿ ਰਾਤ ਨੂੰ ਬੰਦੇ ਦੀ ਤਲਾਸ਼ੀ ਲਈ ਜਾਂਦੀ ਸੀ ਤੇ ਫਿਰ ਲੁੱਟ ਉਪਰੰਤ ਮਾਰ ਦਿੱਤਾ ਜਾਂਦਾ ਸੀ।

ਠੱਗ ਨੇ ਉਂਜ ਗੁਰੂ ਸਾਹਿਬ ਨੂੰ ਚੰਗਾ ਚੋਖਾ ਭੋਜਨ ਕਰਵਾਇਆ। ਸਭ ਸੌਂ ਗਏ। ਘੱਟ ਘੱਟ ਦੀ ਜਾਨਣਹਾਰ ਗੁਰੂ ਸਾਹਿਬ ਉਹਨਾਂ ਦੀ ਸਾਰੀ ਸਕੀਮ ਸਮਝ ਗਏ। ਗੁਰੂ ਸਾਹਿਬ ਨੇ ਰਾਤ ਕੱਟੀ ਤੇ ਮਨ੍ਹੇਰੇ ਮਰਦਾਨੇ ਨੂੰ ਜਗਾ ਕੇ ਚਲਦੇ ਬਣੇ। ਕਰਨੀ ਰੱਬ ਦੀ ਕਿ ਕਿਸੇ ਠੱਗ ਦੀ ਨੀਂਦ ਹੀ ਨਾਂ ਖੁੱਲੀ।

ਜਿਵੇ ਦਿਨ ਚੜਿਆ ਤਾਂ ਠੱਗਾਂ ਦੇ ਬੱਚਿਆਂ ਨੇ ਆਪਣੇ ਵੱਡਿਆਂ ਨੂੰ ਜਗਾਇਆ। ਠੱਗ ਇਕੱਠੇ ਹੋ ਕੇ ਉਸ ਘਰ ਪਹੁੰਚੇ ਜਿੱਥੇ ਬਾਬਾ ਨਾਨਕ ਰਾਂਤੀ ਆਇਆ ਸੀ ਤੇ ਠੱਗੀ ਵਿੱਚੋਂ ਆਪਣਾ ਹਿੱਸਾ ਮੰਗਿਆ। ਮੇਜ਼ਬਾਨ ਠੱਗ ਨੇ ਦੱਸਿਆ ਕਿ ਮੈਂ ਤਾਂ ਸਾਰੀ ਰਾਤ ਅੱਜ ਸੁੱਤਾ ਹੀ ਰਹਿ ਗਇਆ, ਨੀਂਦ ਹੀ ਨਹੀ ਖੁੱਲੀ ਤੇ ਆਪਣਾ ਸ਼ਿਕਾਰ ਤਾਂ ਚੁੱਪ ਚਪੀਤੇ ਬਿਨਾਂ ਦੱਸੇ ਇਥੋਂ ਖਿਸਕ ਗਇਆ ਹੈ। ਪਰ ਬਸਤੀ ਕਿੱਥੇ ਭਰੋਸਾ ਕਰੇ, ਠੱਗ ਤੇ। ਆਖਿਰ ਉਸ ਨੇ ਆਪਣੇ ਇਸ਼ਟ ਤੇ ਆਪਣੇ ਬਾਲ ਬੱਚਿਆ ਦੀ ਸੌਂਹ ਖਾਧੀ ਤੇ ਫਿਰ ਬਸਤੀ ਨੂੰ ਯਕੀਨ ਆਇਆ।

ਉਨਾਂ ਤਹਿ ਕੀਤਾ ਕਿ ਸ਼ਿਕਾਰ (ਗੁਰੂ ਸਾਹਿਬ) ਦਾ ਪਿੱਛਾ ਘੋੜ ਸਵਾਰਾਂ ਰਾਂਹੀ ਕੀਤਾ ਜਾਵੇ। ਚਾਰ ਬੰਦੇ ਘੋੜਿਆਂ ਤੇ ਗੁਰੂ ਸਾਹਿਬ ਦਾ ਖੁਰਾ ਨੱਪਦੇ ਹੋਏ ਆ ਗਏ।

ਅੱਗੇ ਗੁਰੂ ਸਾਹਿਬ ਤੇ ਮਰਦਾਨੇ ਨੇ ਜੰਗਲ ਵਿਚ ਖੀਰ ਬਣਾਉਣ ਲਈ ਦੁੱਧ ਤੇ ਚਾਵਲਾਂ ਦਾ ਇੰਤਜਾਮ ਕੀਤਾ ਹੋਇਆ ਸੀ ਅਤੇ ਅੱਗ ਬਾਲਣ ਵਿਚ ਮਰਦਾਨਾ ਲੱਗਾ ਹੋਇਆ ਸੀ। ਜਿਵੇ ਠੱਗਾਂ ਨੇ ਆ ਘੇਰਿਆ ਤਾਂ ਧੌਂਸ ਧਮਕੀਆਂ ਦੇਣ। ਉਹਨਾਂ ਸਾਫ ਹੀ ਕਹਿ ਦਿਤਾ ਕਿ ,"ਅਸੀ ਤਾਂ ਠੱਗ ਹਾਂ। ਤੁਸੀ ਸਾਡੇ ਨਾਲ ਚਲਾਕੀ ਕਰਕੇ ਦੌੜ ਆਏ ਹੋ ਪਰ ਹੁਣ ਤੁਹਾਨੂੰ ਕੋਈ ਨਹੀ ਛੁਡਾ ਸਕਦਾ ਸਾਡੇ ਤੋਂ। ਹੁਣ ਤੁਹਾਡਾ ਅੰਤਮ ਸਮਾਂ ਆ ਗਇਆ ਹੈ। ਦੋਨੋਂ ਯਾਦ ਕਰ ਲਵੋ ਜਿਸ ਨੂੰ ਕਰਨਾਂ ਵਾ। ਬਿਹਤ੍ਰ ਹੈ ਜੀਂਦੇ ਜੀ ਜੋ ਵੀ ਤੁਹਾਡੇ ਕੋਲ ਹੈ ਸਾਡੇ ਹਵਾਲੇ ਕਰੋ। ਸ਼ਾਇਦ ਅਸੀ ਤੁਹਾਨੂੰ ਬਖਸ਼ ਦਈਏ। "

ਗੁਰੂ ਸਾਹਿਬ ਇਹ ਸੁਣ ਕੇ ਮੁਸਕਰਾ ਪਏ। ਕਹਿਣ ਲੱਗੇ ਕਿ "ਠੀਕ ਹੈ ਜੋ ਤੁਸਾਂ ਕਰਨਾਂ ਹੈ ਕਰ ਲੈਣਾ ਪਰ ਜੋ ਹੁਣੇ ਤੁਸੀ ਵਾਇਦਾ ਦਿੱਤਾ ਹੈ ਉਹ ਪੂਰਾ ਕਰ ਲਓ। ਠੱਗ ਕਹਿਣ ਲੱਗੇ ਕਿ ਕਿਹੜਾ ਵਾਇਦਾ? ਗੁਰੂ ਸਾਹਿਬ ਨੇ ਕਿਹਾ ਕਿ ਜਿਹੜਾ ਤੁਸੀ ਸਾਡੀ ਆਖਰੀ ਇੱਛਾ ਪੁੱਛੀ ਹੈ। ਸੋ ਅਸੀ ਖੀਰ ਬਣਾਉਣਾ ਚਾਹੁੰਦੇ ਹਾਂ ਉਹ ਬਣ ਲੈਣ ਦਿਓ। ਤੁਸੀ ਵੀ ਖਾਇਓ ਤੇ ਅਸੀ ਵੀ ਖਾਵਾਂਗੇ। ਇਸ ਤੋਂ ਬਾਦ ਤੁਸੀ ਆਪਣਾ ਕੰਮ ਕਰ ਲੈਣਾ ਅਤੇ

ਸਾਡੀਆਂ ਦੇਹਾਂ ਦਾ ਇਥੇ ਜੰਗਲ ਵਿਚ ਹੀ ਸਸਕਾਰ ਕਰ ਦੇਣਾ। ਸੋ ਪਹਿਲਾਂ ਇਹ ਕੰਮ ਕਰੋ ਕਿ ਤੁਹਾਡੇ ਕੋਲ ਘੋੜੇ ਨੇ ਇਕ ਜਣਾ ਜਾ ਕੇ ਲਾਗੇ ਦੀ ਬਸਤੀ ਤੋਂ ਅੱਗ ਲੈ ਆਓ। "

ਠੱਗਾਂ ਨੇ ਆਪਸ ਵਿਚ ਸਲਾਹ ਕੀਤੀ ਤੇ ਤਹਿ ਕੀਤਾ ਕਿ ਇਹ ਸ਼ਿਕਾਰ ਕਿਥੇ ਭੱਜ ਜਾਣਗੇ, ਅੱਗ ਲੈ ਹੀ ਆਉਦੇ ਹਾਂ।

ਦੂਰ ਇਕ ਥਾਂ ਧੂੰ ਵੀ ਨਜਰ ਆ ਜਾਂਦਾ ਹੈ।

ਦੋ ਠੱਗ ਅੱਗ ਲੈਣ ਜਾਂਦੇ ਨੇ। ਓਥੇ ਉਹ ਕੁਝ ਅਜਿਹਾ ਚਮਤਕਾਰ ਵੇਖਦੇ ਨੇ ਕਿ ਆ ਦੂਸਰੇ ਠੱਗਾਂ ਨੂੰ ਵੀ ਦੱਸਦੇ ਨੇ ਕਿ ਇਹ ਬੰਦੇ ਪੂਰਨ ਸੰਤ ਹਨ। ਦੂਸਰੇ ਠੱਗ ਪਹਿਲਾਂ ਹੀ ਵੇਖ ਕੇ ਹੈਰਾਨ ਸਨ ਕਿ ਇਹਨਾਂ ਬੰਦਿਆਂ ਨੂੰ ਮੌਤ ਤੋਂ ਜਰਾ ਡਰ ਨਹੀ ਲੱਗ ਰਿਹਾ। ◘

ਅਖੀਰ ਚਾਰੇ ਠੱਗ ਗੁਰੂ ਸਾਹਿਬ ਦੇ ਅੱਗੇ ਮੱਥਾ ਟੇਕ ਦਿੰਦੇ ਨੇ।

ਉਨਾਂ ਠੱਗਾਂ ਨੇ ਫਿਰ ਜਿੱਦ ਕੀਤੀ ਤੇ ਗੁਰੂ ਸਾਹਿਬ ਨੂੰ ਆਪਣੀ ਬਸਤੀ ਵਿੱਚ ਦੁਬਾਰਾ ਜਾਣ ਲਈ ਬੇਨਤੀਆਂ ਕੀਤੀਆਂ। ਓਨਾਂ ਵਿੱਚੋਂ ਇੱਕ ਅਜੇ ਵੀ ਅੜੇ। ਬਾਕੀਆਂ ਸਮਝਾਇਆ ਕਿ ਵੇਖ ਇੱਕ ਬੰਦੇ ਦੀ ਨੀਂਦ ਨਹੀ ਖੁੱਲ ਸਕਦੀ, ਦੋ ਦੀ ਨਹੀ, ਤਿੰਨ ਦੀ ਨਹੀ, ਪਰ ਸਾਡਾ ਤਾਂ ਸਾਰਾ ਪਿੰਡ ਸੁੱਤਾ ਰਹਿ ਗਇਆ। ਇਹ ਕੋਈ ਚਮਤਕਾਰੀ ਸਾਧੂ ਹੈ।

ਬਸਤੀ ਪਹੁੰਚ ਕੇ ਫਿਰ ਗੁਰੂ ਸਾਹਿਬ ਨੇ ਮੁੱਖੀਏ ਨੂੰ ਕੁਝ ਅਜਿਹਾ ਬੋਲਿਆ ਕਿ ਉਨੂੰ ਜੀਵਣ ਮੌਤ ਦੀ ਸੋਝੀ ਹੋ ਗਈ। ਮੌਤ ਦੇ ਦਰਸ਼ਨ ਕਰਕੇ ਉਹ ਵੀ ਗੁਰੂ ਸਾਹਿਬ ਦੀ ਚਰਨੀ ਆ ਲੱਗਾ।

ਗੁਰੂ ਸਾਹਿਬ ਨੇ ਓਨਾਂ ਸਭ ਨੂੰ ਨਿਰੰਕਾਰ ਦੀ ਭਗਤੀ 'ਸਤਿਨਾਮ ਸਤਿਕਾਰ' ਦੇ ਲੜ ਲਾ ਨਾਮ, ਦਾਨ, ਇਸਨਾਨ ਤੇ ਕਿਰਤ ਦਾ ਪਾਠ ਪੜਾਇਆ ਤੇ ਵਾਇਦਾ ਲਿਆ ਕਿ ਅੱਗੇ ਤੋਂ ਉਹ ਹੱਕ ਹਲਾਲ ਦੀ ਕਮਾਈ ਕਰਨਗੇ। ਕਿਹਾ ਜਾਂਦਾ ਹੈ ਕਿ ਬਾਦ ਵਿੱਚ ਉਸ ਬਸਤੀ ਨੇ ਖੇਤੀ ਬਾੜੀ ਦਾ ਧੰਧਾ ਅਪਣਾਇਆ। ਉਸ ਮੌਕੇ ਤੇ ਗੁਰੂ ਸਾਹਿਬ ਤੇ ਮਰਦਾਨੇ ਨੇ ਇਹ ਸ਼ਬਦ ਗਾਵਿਆ:-

**ਸਿਰੀਰਾਗੁ ਮਹਲਾ ੧ ॥ ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪॥੪॥**

----◈-----

## ਨਿਜ਼ਾਮਾਬਾਦ ਵਿਖੇ ਬਾਬੇ ਨੇ ਮਰ ਮੁੱਕੇ ਕਾਰਦਾਰ ਨੂੰ ਜੀਵਨ ਬਖਸ਼ਿਆ

ਅਜੁਧਿਆ ਜਾਂਦੇ ਹੋਏ ਬਨਾਰਸ ਤੋਂ 85 ਕਿ. ਮੀ. ਉੱਤਰ ਗੁਰੂ ਸਾਹਿਬ ਨਿਜਾਮਾਬਾਦ ਆਏ। (ਨਕਸ਼ਾ-26.052564, 83.059703)

ਯੂ ਪੀ, ਬੰਗਾਲ ਤੇ ਹੋਰ ਭਾਰਤ ਦੇ ਕੇਂਦਰੀ ਸੂਬਿਆਂ ਵਿੱਚ ਇੱਕ ਖਾਸ ਜਾਤ ਹੁੰਦੀ ਹੈ ਉਨਾਂ ਦਾ ਪਿਤਾ ਪੁਰਖੀ ਪੇਸ਼ਾ ਹੁੰਦਾ ਹੈ ਬਾਬੂਗਿਰੀ (ਕਲੱਰਕੀ)। ਇਨਾਂ ਨੂੰ ਕਾਇਸਥ ਕਿਹਾ ਜਾਂਦਾ ਹੈ। ਅੱਜ ਵੀ ਇਹ ਜਾਤ ਸਰਕਾਰੀ ਦਫਤਰਾਂ ਵਿੱਚ ਛਾਈ ਹੋਈ ਹੈ। (ਗੋਤਰ- ਸ੍ਰੀਵਾਸਤਵ, ਮਾਥੁਰ, ਸਕਸੈਨਾ, ਨਿੱਗਮ, ਅਸਥਾਨਾ, ਕੁਲਸ਼੍ਰੇਸ਼ਠ, ਗੌੜ, ਭਟਨਾਗਰ ਆਦਿ) ਓਧਰ ਬਾਬਾ ਜੀ ਦੇ ਪਿਤਾ ਦਾ ਵੀ ਇਹੋ ਕੰਮ (ਕਾਰਦਾਰ ਭਾਵ ਮੈਨੇਜਰ) ਸੀ। ਜਿਸ ਕਰਕੇ ਗੁਰੂ ਸਾਹਿਬ ਦਾ ਇਨਾਂ ਨਾਲ ਮੇਲ ਜੋਲ ਛੇਤੀ ਹੋ ਜਾਂਦਾ ਸੀ ਤੇ ਉਨਾਂ ਨੇ ਵੀ ਗੁਰੂ ਸਾਹਿਬ ਨੂੰ ਥਾਂ ਥਾਂ ਠਹਿਰਾਇਆ। ਵਕਤ ਪਾ ਕੇ ਯੂ ਪੀ ਦੇ ਪੰਜਾਬੀ ਖੱਤਰੀ ਤੇ ਕਾਇਸਥ ਹੌਲੀ ਹੌਲੀ ਸਿੱਖੀ ਤੋਂ ਦੂਰ ਹੋ ਗਏ। ਦਰ ਅਸਲ ਜਦੋਂ ਕਿਸੇ ਪ੍ਰਵਾਰ ਵਿੱਚ ਬਾਹਰੋ ਵਹੁਟੀ ਆਉਦੀ ਹੈ ਤਾਂ ਉਹ ਆਪਣਾ ਮਜ਼ਹਬ ਨਾਲ ਲੈ ਕੇ ਆਉਦੀ ਹੈ। ਸਿੱਖੀ ਦੀ ਚੜ੍ਹਤ ਵੇਲੇ ਸਿੱਖੀ ਨੂੰ ਫੈਲਾਇਆ ਵੀ ਬਹੁਤਾ ਇਨਾਂ ਬੀਬੀਆਂ ਨੇ ਤੇ ਬਾਦ ਵਿੱਚ ਕੁਝ ਜਾਤਾਂ ਵਿੱਚ ਮੁਕਾਇਆ ਵੀ ਬੀਬੀਆਂ ਨੇ। ਪੰਜਾਬ ਤੋਂ ਦੂਰ ਹਟਵੇ ਇਲਾਕਿਆਂ ਵਿੱਚ ਜਿੱਥੇ ਕਿਤੇ ਥੋੜੀ ਬਹੁਤ ਸੰਖਿਆਂ ਗੈਰ ਪੰਜਾਬੀ ਸਿੱਖਾਂ ਦੀ ਸੀ ਓਨਾਂ ਨੂੰ ਸਿੱਖੀ ਨਾਲੋ ਤੋੜਨ ਵਿੱਚ 1984 ਸੰਨ ਨੇ ਵੱਡਾ ਰੋਲ ਨਿਭਾਇਆ। ਕੇਂਦਰੀ ਕਾਂਗਰਸ ਸਰਕਾਰ ਨੇ ਓਦੋਂ ਸਿੱਖ ਨੂੰ ਅੱਤਵਾਦੀ ਰੂਪ ਵਿੱਚ ਪੇਸ਼ ਕੀਤਾ ਸੀ।

ਪੈੜ ਸੁਰਾ

⊙ ਪੁਰਾਤਨ-71, ਬੀ:40- 142, ਬਾਲਾ-138,

◘ ਧੂੰਅ ਨਿਕਲਦਾ ਵੇਖ ਜਦੋਂ ਦੋ ਠੱਗ ਅੱਗ ਲੈਣ ਜਾਂਦੇ ਹਨ ਤਾਂ ਅੱਗੇ ਤਾਂ ਇਕ ਚਿੱਤਾ ਬਲ ਰਹੀ ਹੁੰਦੀ ਹੈ। ਇਥੇ ਉਨਾਂ ਨਾਲ ਚਮਤਕਾਰ ਵਾਪਰਦਾ ਹੈ। ਜਨਮਸਾਖੀਆਂ ਵਿਚ ਕੁਝ ਇਸ ਪ੍ਰਕਾਰ ਦਿੱਤਾ ਹੈ:

"ਉਹ ਠੱਗਿ ਜੁ ਗਏ ਸੁ ਕਿਆ ਦੇਖਣਿ ਜੁ ਰਾਹੁ ਵਿਚ ਇਕੁ ਮਾਨੁਖ ਨੂੰ ਤਬਕ ਪੈੜੀ ਬੇੜੀਆ ਹਥੀ ਹਥੌੜੀਆ ਗਲ ਵਿਚ ਸੰਗਲ ਪਾਏ। ਪਿਛੇ ਕੁਠਾਰ ਦੀ ਮਾਰ ਮਾਰਦੇ ਘਸੀਟਦੇ ਲਈ ਜਾਦੇ ਆਹੇ॥ ਸੋ ਕਹਾਰ ਦੋ ਥਾਇ ਪਾਲਕੀ ਉਠਾਈ ਪੋਸ ਪੋਸ ਕਰਦੇ ਜਾਦੇ ਅਸਨਿ॥ ਇਹ ਠਗਿ ਰਹਿ ਨ ਸਕੇ॥ ਇਨਾ ਪੁਛਿਆ॥ ਭਾਈ ਜੀ ਏ ਗਲਿ ਕਿਉਕਰਿ ਹੈ ਅਸਾ ਨੂ ਇਸ ਦੀ ਵਡੀ ਹੈਰਾਨਗੀ ਲਗੀ ਹੈ॥ ਜਾਦੀ ਵਾਰੀ ਅਸਾ ਹੋਰ ਤਰਹ ਡਿਠਾ ਆਹਾ ਅਤੇ ਹੁਣਿ ਹੋਰੁ ਤਰਹ ਨਜਰਿ ਆਇਆ॥ ਉਨਾ ਆਖਿਆ ਭਾਈ ਏਹੁ ਮਨੁਖੁ ਬਡਾ ਹਤਿਆਰਾ ਪਾਪੀ ਫਾਹੇ ਗਲੁ ਆਹਾ॥ ਇਸ ਨੂੰ ਕੂੰਭੀ ਨਰਕ ਦਾ ਹੁਕਮੁ ਆਹਾ॥ ਪਰ ਇਸ ਦੇ ਮਸਾਣ ਦਾ ਧੂਆ ਜੁ ਕਿਸੇ ਸਾਧ ਦੀ ਨਜਰੀ ਆਇਆ ਹੈ॥ ਸੋ ਇਸ ਵਾਸਤੇ ਬੈਕੁੰਠਪੁਰੀ ਚਲਾਇਆ ਹੈ॥ ਉਹ ਠੱਗ ਕੁਦਰਤੁ ਦੇਖਿ ਬਹੁਤ ਹੈਰਾਨ ਹੋਏ॥ "

ਭਾਵ ਇਕ ਪਾਪੀ ਹਤਿਆਰੇ ਦੀ ਮੌਤ ਉਪਰੰਤ ਉਸ ਦੀ ਮੜ੍ਹੀ ਦੇ ਧੂੰਅ ਵਲ ਜਦੋਂ ਗੁਰੂ ਨਾਨਕ ਦੀ ਨਜਰ ਪਈ ਤਾਂ ਏਨੇ ਵਿਚ ਹੀ ਉਹ ਤਰ ਗਇਆ।

⊙ ਬਨਾਰਸ ਦਾ ਇਲਾਕਾ ਠੱਗੀ ਲਈ ਮੰਨਿਆ ਹੋਇਆ ਸੀ ਕਿਉਕਿ ਇਥੇ ਠੱਗੀ ਦਾ ਚਲਨ ਕੁਝ ਜਿਆਦਾ ਹੀ ਸੀ ਤੇ ਦੂਸਰਾ ਇਸ ਤੋਂ ਬਾਦ ਜੋ ਸਾਖੀ ਆਉਦੀ ਹੈ ਉਸ ਵਿੱਚ ਕਿਰਦਾਰ ਦਾ ਨਾਂ ਭੂਮੀਆ ਹੈ। ਭੂਮੀਹਾਰ ਨਾਂ ਬਿਹਾਰ ਵਿੱਚ ਪਾਇਆ ਜਾਂਦਾ ਹੈ। ਸੋ ਇਹੋ ਅੰਦਾਜਾ ਹੈ ਕਿ ਇਹ ਘਟਨਾ ਵੀ ਬਨਾਰਸ ਦੇ ਨੇੜੇ ਤੇੜੇ ਅੱਜ ਦੇ ਯੂ ਪੀ ਇਲਾਕੇ ਦੀ ਹੀ ਹੈ।

❁ ਸਾਈਕਲ ਯਾਤਰੀ- 110 ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਬਨਾਰਸ ਤੋਂ 45 ਕਿ. ਮੀ. ਦੱਖਣ ਵਿੱਚ ਕਸਬਾ **ਸਈਯਾਦ ਰਾਜਾ** ਵਿਖੇ ਵੀ ਗੁਰੂ ਸਾਹਿਬ ਤੇ ਨੌਂਵੇ ਗੁਰੂ ਸਾਹਿਬ ਨੇ ਚਰਨ ਪਾਏ ਸਨ। ਪਰ ਤਸਦੀਕ ਨਹੀ ਹੋ ਪਾਇਆ। ਏਹੋ ਅਵਸਥਾ **ਮਿਰਜਾਪੁਰ** ਸ਼ਹਿਰ ਦੀ ਹੈ ਜਿਥੇ ਇਕ ਸਿੱਖ ਸਕੂਲ ਦੇ ਪ੍ਰਿਸੀਪਲ ਕੋਲੋਂ ਪੁੱਛਣ ਤੇ ਪਤਾ ਚਲਿਆ ਕਿ ਇਥੇ ਕੋਈ ਯਾਦਗਾਰੀ ਅਸਥਾਨ ਗੁਰਦੁਆਰਾ ਨਹੀ ਹੈ ਅਤੇ ਨਾਂ ਹੀ ਗੁਰੂ ਸਾਹਿਬ ਦੇ ਇਥੇ ਆਉਣ ਦੀ ਮੁਕਾਮੀ ਰਵਾਇਤ ਹੈ। ਪਰ ਇਹ ਜਾਣਕਾਰੀਆਂ ਜਰੂਰੀ ਨਹੀ ਕਿ ਸਹੀ ਹੋਣ। ਹਰ ਬਸ਼ਿੰਦਾ ਮੁਕਾਮੀ ਇਤਹਾਸ ਦਾ ਜਾਣਕਾਰ ਨਹੀ ਹੁੰਦਾ। ਮਿਸਾਲ ਦੇ ਤੌਰ ਤੇ ਅਸੀ ਜਦੋਂ ਮੁਰਾਦਾਬਾਦ ਬਾਰੇ ਪੁੱਛ ਪੜਤਾਲ ਕਰ ਰਹੇ ਸਾਂ ਤਾਂ ਪਤਾ ਲੱਗਾ ਕਿ ਸ਼ਹਿਰ ਗੁਰੂ ਸਾਹਿਬ ਤੋਂ ਬਹੁਤ ਬਾਦ ਵਿਚ ਅਬਾਦ ਹੋਇਆ। ਪਰ ਦੂਸਰੇ ਪਾਸੇ ਭਰੋਸੇਯੋਗ ਸਰੋਤ ਦੱਸ ਰਹੇ ਸਨ ਕਿ ਇਥੇ ਸਾਹਿਬ ਆਏ ਸਨ। ਫਿਰ ਪਤਾ ਲਗਾ ਕਿ ਮੁਰਾਦਾਬਾਦ ਦੇ ਲਾਗੇ ਹੀ ਇਕ ਪੁਰਾਤਨ ਪਿੰਡ ਰਤਨਪੁਰ ਹੈ ਉਥੇ ਬਕਾਇਦਾ ਨਾਨਕਵਾੜੀ ਉਦਾਸੀਨ ਆਸ਼ਰਮ ਹੈ। ਸੋ ਜੇ ਕਿਸੇ ਸਰੋਤ ਨੇ ਕਿਸੇ ਥਾਂ ਗੁਰੂ ਸਾਹਿਬ ਦਾ ਆਉਣਾ ਲਿਖਿਆ ਹੈ ਤਾਂ ਉਸ ਦਾਵੇ ਨੂੰ ਸੱਚ ਹੀ ਮੰਨਿਆ ਜਾਵੇ ਜਦ ਤਕ ਗਲਤ ਸਾਬਤ ਨਹੀ ਹੁੰਦਾ।






ਨਿਜਾਮਾਬਾਦ ਦਾ ਗੁਰਦੁਆਰਾ ਚਰਨਪਾਦੁਕਾ ਸਾਹਿਬ ਜਿਥੇ ਗੁਰੂ ਨਾਨਕ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਖੜਾਵਾਂ ਮੌਜੂਦ ਨੇ। ਪ੍ਰਥਮ ਗੁਰੂ ਦੀਆਂ ਖੜਾਵਾਂ ਦੀ ਨਿਮ੍ਰਤਾ ਨੋਟ ਕਰਨ ਯੋਗ ਹੈ। ਕਿਹਾ ਜਾਂਦਾ ਹੈ ਕਿ ਇਹ ਉਹ ਖੜਾਵਾਂ ਨੇ ਜੋ ਸਿੰਗਲਾਦੀਪ ਦੇ ਰਾਜੇ ਸ਼ਿਵਨਾਭ ਨੂੰ ਬਖਸ਼ੀਆਂ ਸਨ।

ਖੈਰ ਨਿਜਾਮਾਬਾਦ, ਜਿਲਾ ਆਜ਼ਮਗੜ੍ਹ ਦਾ ਛੋਟਾ ਜਿਹਾ ਕਸਬਾ ਹੈ, ਗੁਰੂ ਸਾਹਿਬ ਦੇ ਵੇਲੇ ਇਹ ਜੋਬਨ ਤੇ ਸੀ। ਇਥੋ ਦੇ ਰਾਜੇ ਦਾ ਕਾਰਦਾਰ ਵੀ ਕੋਈ ਕਾਇਸਥ ਹੀ ਸੀ ਤੇ ਉਹ ਵੀ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਚੁੱਕਾ ਸੀ। ਭਾਣਾ ਰੱਬ ਦਾ ਕਿ ਕਾਰਦਾਰ ਦਾ ਕੋਈ ਰਿਸਤੇਦਾਰ ਜਾਂ ਲੜਕਾ ਜਿਸ ਦਾ ਨਾਂ ਰਾਮ ਨਿਵਾਸ ਸੀ ਅਚਾਨਕ ਕਿਸੇ ਦੁਰਘਟਨਾ ਕਰਕੇ ਚਲਾਣਾ ਕਰ ਗਿਆ। ਸ਼ਹਿਰ ਵਿੱਚ ਦੁਹਾਈ ਮੱਚ ਗਈ। ਰਾਮ ਨਿਵਾਸ ਦਾ ਵਿਆਹ ਹੋਏ ਨੂੰ ਅਜੇ ਕੁਝ ਹੀ ਸਮਾਂ ਹੋਇਆ ਸੀ। ਤਮਸਾ ਨਦੀ ਕੰਢੇ ਸਾਧੂ ਸੰਤਾ ਦਾ ਵੱਡਾ ਆਸ਼ਰਮ ਸੀ। ਪੁਰਾਣੇ ਸਮਿਆਂ ਵਿੱਚ ਸਾਧੂ ਸੰਤ ਅਕਸਰ ਜੜੀ ਬੂਟੀ ਦਾ ਕੰਮ ਵੀ ਕਰਿਆ ਕਰਦੇ ਸਨ। ਇਕੱਠੇ ਹੋਏ ਲੋਕ ਰਾਮ ਨਿਵਾਸ ਸ੍ਰੀਵਾਸਤਵ ਦੀ ਲਾਸ਼ ਨੂੰ ਨਦੀ ਕੱਢੇ ਸਾਧੂਆਂ ਵਲ ਲੈ ਆਏ। ਹਰ ਕੋਈ ਰਾਮ ਨਿਵਾਸ ਦੀ ਮੌਤ ਤੇ ਦੁੱਖੀ ਸੀ। ਅਸੂਲ ਮੁਤਾਬਿਕ ਉਹਦੀ ਨਵ ਵਿਆਈ ਲਾੜੀ ਨੂੰ ਵੀ ਹੁਣ ਲਾਸ਼ ਦੇ ਨਾਲ ਹੀ ਸਤੀ ਹੋਣਾ ਸੀ ਭਾਵ ਸੜਨਾ ਸੀ।

ਗੁਰੂ ਸਾਹਿਬ ਦੀ ਡੂੰਘੀ ਰੂਹਾਨੀ ਸ਼ਖਸੀਅਤ ਬਾਰੇ ਤਾਂ ਚਾਰ ਚੁਫੇਰੇ ਪਤਾ ਲੱਗ ਚੁੱਕਾ ਸੀ। ਸਭ ਇਲਾਕੇ ਦੇ ਲੋਕਾਂ ਨੇ ਗੁਰੂ ਸਾਹਿਬ ਅੱਗੇ ਤਰਲਾ ਮਾਰਿਆ ਕਿ ਰਾਮ ਨਿਵਾਸ ਨੂੰ ਬਚਾ ਲਿਆ ਜਾਏ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਜਿਸ ਨੇ ਸਤਿਨਾਮ ਵਾਹਿਗੁਰੂ ਕਹਿ ਕੇ ਤਮਸਾ ਨਦੀ ਦੇ ਜਲ ਦਾ ਤਰੌਂਕਾ ਰਾਮ ਨਿਵਾਸ ਤੇ ਦਿੱਤਾ ਤੇ ਛੇਤੀ ਹੀ ਰਾਮ ਨਿਵਾਸ ਸ੍ਰੀਵਾਸਤਵ ਅੱਖਾਂ ਮਲਦਾ ਹੋਇਆ ਉੱਠ ਬੈਠਾ। ਸਭ ਪਾਸੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਸਤਿਨਾਮ, ਸਤਿਨਾਮ ਦਾ ਅਵਾਜਾ ਗੂੰਜ ਉਠਿਆ।

ਇਥੇ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਸ਼ਬਦ ਗਾਵਿਆ:

ਸੋਰਠਿ ਮਹਲਾ ੧ ॥ ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥ ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥ ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥

ਨਿਜਾਮਾਬਾਦ ਤੇ ਲਾਗੇ ਚਾਗੇ ਦੇ ਕਾਇਸਥ ਤੇ ਹੋਰ ਜਾਤਾਂ ਦੇ ਹਜ਼ਾਰਾਂ ਪ੍ਰਵਾਰਾਂ ਨੇ ਸਿੱਖੀ ਧਾਰਨ ਕਰ ਲਈ। ਇਨਾਂ ਵਿੱਚ ਮੁਖ ਤੌਰ ਤੇ ਕਾਇਸਥ ਪ੍ਰਵਾਰ ਹੀ ਸਨ। ਪਰ ਵਕਤ ਪਾ ਕੇ ਹੌਲੀ ਹੌਲੀ ਇਨਾਂ ਪ੍ਰਵਾਰਾਂ ਵਿੱਚ ਸਿੱਖੀ ਪਤਲੀ ਹੁੰਦੀ ਗਈ। ਹੁਣ ਵੀ ਇਥੋਂ ਦੇ ਕਾਇਸਥ ਪ੍ਰਵਾਰਾਂ ਵਿੱਚ ਸਿੱਖੀ ਸ਼ਰਧਾ ਤਾਂ ਥੋੜੀ ਬਹੁਤ ਹੈ ਪਰ ਥੋੜੇ ਪ੍ਰਵਾਰ ਹੀ ਹਨ ਜੋ ਗੁਰਦੁਆਰਾ ਸਾਹਿਬ ਹਾਜਰੀ ਭਰਦੇ ਹਨ। ਓਥੇ ਜੋ ਅਸਥਾਨ ਬਣਿਆ ਉਸ ਦੇ ਨਾਂ ਤੇ ਰਾਜੇ ਨੇ ਇੱਕ ਪਿੰਡ ਦੀ ਜਗੀਰ ਲਾ ਦਿੱਤੀ।

ਗੁਰੂ ਸਾਹਿਬ ਜਦੋਂ ਇਥੇ ਪਧਾਰੇ ਤਾਂ ਉਨਾਂ ਨੇ ਇੱਕ ਉੱਜੜੇ ਬਾਗ ਵਿੱਚ ਵੀ ਆਪਣਾ ਟਿਕਾਣਾ ਕੀਤਾ ਸੀ। ਇਲਾਕੇ ਵਿੱਚ ਧੰਨ ਬਾਬਾ ਨਾਨਕ ਹੋਣ ਲੱਗੀ ਜਦੋਂ ਵੇਖਿਆ ਕਿ ਸਾਲਾਂ ਦਾ ਉਜੜਿਆ ਬਾਗ ਫਿਰ ਹਰਾ ਭਰਾ ਹੋ ਚੁੱਕਾ ਸੀ।

ਇਥੇ ਗੁਰੂ ਸਾਹਿਬ 21 ਦਿਨ ਰੁਕੇ ਸਨ। ਇਥੇ ਗੁਰੂ ਸਾਹਿਬ ਦੀਆਂ ਉਹ ਖੜਾਵਾਂ ਬਿਰਾਜਮਾਨ ਹਨ ਜੋ ਉਨਾਂ ਨੇ ਲੰਕਾ ਦੇ ਰਾਜਾ ਸ਼ਿਵਨਾਭ ਨੂੰ ਬਖਸ਼ੀਆਂ ਸਨ। ਪਰ ਵਕਤ ਪਾ ਕੇ ਉਨਾਂ ਦੀ ਕਦਰ ਘਟ ਗਈ ਜਿਸ ਕਰਕੇ ਕਿਸੇ ਪ੍ਰਚਾਰਕ ਉਦਾਸੀ ਸੰਤ ਨੇ ਉਹ ਖੜਾਵਾਂ ਇਥੇ ਲਿਆ ਸਥਾਪਤ ਕਰ ਦਿੱਤੀਆਂ।

ਨੌਵੇ ਪਾਤਸ਼ਾਹ ਵੀ ਇਸ ਅਸਥਾਨ ਤੇ ਆਏ ਸਨ ਤੇ ਆਪਣੀਆਂ ਖੜਾਵਾਂ ਦਾ ਇੱਕ ਜੋੜਾ ਇਸ ਸੰਗਤ ਨੂੰ ਬਖਸ਼ਿਆ ਸੀ।

ਇਸ ਵੇਲੇ ਇਥੇ ਤਿੰਨ ਅਸਥਾਨ ਹਨ: 1. ਗੁਰਦੁਆਰਾ ਚਰਨ ਪਾਦੁਕਾ ਜਿੱਥੇ ਗੁਰੂ ਨਾਨਕ ਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਖੜਾਵਾਂ ਸਥਾਪਤ ਹਨ, 2. ਤਮਸਾ ਨਦੀ ਦੇ ਕੰਢੇ ਗੁਰਦੁਆਰਾ ਨਾਨਕ ਘਾਟ ਜਿੱਥੇ ਸੰਗਤਾਂ ਦੀ ਅਰਜੋਈ ਤੇ ਗੁਰੂ ਸਾਹਿਬ ਨੇ ਰਾਮ ਨਿਵਾਸ ਕਾਇਸਥ ਨੂੰ ਜਿੰਦਾ ਕੀਤਾ ਸੀ। 3. ਨਦੀ ਦੇ ਦੂਸਰੇ ਪਾਸੇ ਅਨੰਦ ਬਾਗ ਜਿੱਥੇ ਗੁਰੂ ਸਾਹਿਬ ਠਹਿਰੇ ਸਨ, 4. ਗੁਰਦੁਆਰਾ ਅਕਾਲ ਬੁੰਗਾ ਜਿੱਥੇ ਬਹਿ ਗੁਰੂ ਨਾਨਕ ਤੇ ਬਾਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੇ ਨਿਰੰਕਾਰ ਦਾ ਸਿਮਰਨ ਕੀਤਾ। ਇਥੇ ਹੀ ਇੱਕ ਪੁਰਾਣਾ ਖੂਹ ਵੀ ਹੈ।

ਵਕਤ ਪਾਕੇ ਕੇ ਇਥੋਂ ਦੀ ਧਰਮਸਾਲਾ ਉਦਾਸੀਆਂ ਹੇਠ ਗਈ ਤੇ ਬਾਦ ਵਿੱਚ ਬਾਬਾ ਕਿਰਪਾ ਦਿਆਲ ਸਿੰਘ ਭੱਲਾ ਜੋ ਬਾਬਾ ਸੁਮੇਰ ਸਿੰਘ ਹੈਡ ਗ੍ਰੰਥੀ ਪਟਨਾ ਸਾਹਿਬ ਦੇ ਦਾਦਾ ਜੀ ਸਨ ਇਸ ਇਲਾਕੇ ਵਿੱਚ ਆ ਕੇ ਪ੍ਰਚਾਰ ਕਰਨ ਲੱਗ ਪਏ। ਬਾਬਾ ਸੁਮੇਰ ਸਿੰਘ ਜੋ ਪਟਨਾ ਸਾਹਿਬ ਦੇ ਮਹੰਤ ਰਹੇ ਹਨ ਉਹ ਵੀ ਇਥੇ ਰਹੇ।

ਇਥੇ ਕੋਈ 31 ਹੱਥ ਲਿਖਤਾਂ ਤੇ ਸਿੰਘਾਂ

ਪੈੜ ਸਰੋਤ

✚ ਗੁਰਧਾਮ ਸੰਗ੍ਰਿਹ- ਗਿਆਨੀ ਗਿਆਨ ਸਿੰਘ ਅਤੇ ਸਥਾਨਕ ਗੁਰਧਾਮ ਮੁਲਾਜਮਾਂ ਨਾਲ ਗਲਬਾਤ ਦੇ ਅਧਾਰ ਤੇ

ਦੇ ਵੱਡੀ ਗਿਣਤੀ ਵਿੱਚ ਸ਼ਸ਼ਤਰ ਮੌਜੂਦ ਹਨ। ਹਾਲਾਂ ਇਲਾਕੇ ਵਿੱਚ ਸੰਗਤ ਦੀ ਵੱਡੀ ਘਾਟ ਹੈ ਪਰ ਆਗਰੇ ਦੇ ਗੁਰਦੁਆਰਾ ਗੁਰੂ ਕੇ ਤਾਲ ਵਾਲੇ ਸੰਤ ਨਿਰੰਜਨ ਸਿੰਘ, ਸੰਤ ਪ੍ਰੀਤਮ ਸਿੰਘ ਦੀ ਨਿਗਰਾਨੀ ਤਹਿਤ ਇੱਕ ਗੁਰਸਿਖ ਪਿਆਰਾ ਸਤਨਾਮ ਸਿੰਘ ਇਸ ਇਤਹਾਸਿਕ ਵਿਰਸੇ ਦੀ ਸਾਂਭ ਸੰਭਾਲ ਬੜੀ ਸ਼ਰਧਾ ਨਾਲ ਕਰ ਰਿਹਾ ਹੈ। ✦ ਜਰੂਰਤ ਹੈ ਸਿੱਖ ਸੰਗਤਾਂ ਇਸ ਪਵਿਤ੍ਰ ਅਸਥਾਨ ਦੇ ਦਰਸ਼ਨਾਂ ਦਾ ਲਾਹਾ ਲੈਣ। ਯਾਦ ਰੱਖਣਾ ਇਤਹਾਸ ਤਾਂ ਹੀ ਬਚਦਾ ਹੈ ਜੇ ਲੋਕਾਂ ਦੀ ਇਸ ਵਲ ਰੁਚੀ ਹੋਵੇ। ਜੇ ਗੁਰੂ ਦੇ ਪਿਆਰੇ ਹੇਮਕੁੰਟ ਜਿਹੇ ਮਿਥਹਾਸਿਕ ਸਥਾਨ ਵਲ ਵਹੀਰਾ ਘੱਤ ਸਕਦੇ ਹਨ ਤਾਂ ਇਹ ਤਾਂ ਜੀਂਦਾ ਜਾਗਦਾ ਇਤਹਾਸ ਹੈ।

ਇਥੋ ਫਿਰ ਗੁਰੂ ਸਾਹਿਬ ਟਾਂਡੇ ਥਾਂਣੀ ਅਜੁਧਿਆ ਵਲ ਨੂੰ ਹੋ ਗਏ।

----◆-----

ਅਜੁਧਿਆ ਵਿਚ ਬਾਬਾ

## ਗੁਰੂ ਸਾਹਿਬ ਨੇ ਜਦੋਂ ਸਾਧੂਆਂ ਦਾ ਸੋਹਲਾ ਗਾਇਆ

ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥

ਗੁਰੂ ਸਾਹਿਬ ਦੀ ਸੋਭਾ ਸੁਣਕੇ ਜਦੋਂ ਕੁਝ ਸੰਨਿਆਸੀ, ਜੋਗੀ ਅਤੇ ਹੋਰ ਫਿਰਕਿਆਂ ਦੇ ਸਾਧੂ ਆ ਗੁਰੂ ਸਾਹਿਬ ਕੋਲ ਸਵਾਲ ਜਵਾਬ ਕਰਨ ਲੱਗੇ ਤਾਂ ਦਿਆਲੂ ਬਾਬੇ ਦਾ ਮੰਨ ਸਾਧੂਆਂ ਪ੍ਰਤੀ ਪਸੀਜ ਗਿਆ। ਸਾਹਿਬ ਨੂੰ ਉਹਨਾਂ ਲੋਕਾਂ ਤੇ ਤਰਸ ਆ ਗਿਆ ਜਿੰਨਾਂ ਜੀਵਨ ਹੀ ਨਿਰੰਕਾਰ ਦੀ ਖੋਜ ਤੇ ਲਾ ਦਿਤਾ ਹੋਇਆ ਸੀ। ਇਹ ਵੱਖਰੀ ਗਲ ਸੀ ਕਿ ਇਹਨਾਂ ਵਿਚਾਰਿਆਂ ਨੇ ਮਾਰਗ ਸਹੀ ਚੁੱਣਿਆਂ ਸੀ ਜਾਂ ਨਹੀ। ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਅਤੇ ਤਿਲੰਗ ਰਾਗ ਵਿਚ ਉੱਚੀ ਸੁਰ ਵਿਚ ਸ਼ਬਦ ਗਾਇਆ:-

ਤਿਲੰਗ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥ ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥ ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥ ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥

ਸਾਧੂਆਂ ਨਾਲ ਵਰਤਾਲਾਪ ਚਲਦਾ ਰਿਹਾ। ਇਹ ਗੁਰੂ ਸਾਹਿਬ ਦੇ ਹੀ ਵੱਸ ਵਿਚ ਸੀ ਕਿ ਇਨਾਂ ਦੇ ਉਪਦੇਸ਼ ਵੇਲੇ ਪ੍ਰੇਮ ਭਾਰੂ ਹੁੰਦਾ ਸੀ। ਉਹ ਜਿਸ ਕਿਸੇ ਨੂੰ ਵੀ ਰਾਹੇ ਪਾਉਦੇ ਸਨ ਅਗਲੇ ਤੇ ਤਰਸ ਕਰਦੇ ਹੋਏ ਉਪਦੇਸ਼ ਦਿੰਦੇ ਸਨ, ਅਗਲੇ ਨੂੰ ਆਪਣਾ ਜਾਣਕੇ। ਇਹ ਗੁਰੂ ਸਾਹਿਬ ਤੇ ਅਕਾਲ ਪੁਰਖ ਦੀ ਬਖਸ਼ਸ਼ ਸੀ ਕਿ ਉਨਾਂ ਦੇ ਉਪਦੇਸ਼ ਵਿਚ ਤਲਖੀ ਨਹੀ ਸੀ ਹੁੰਦੀ। ⊙

----◆-----

ਪੈੜ ਸਰੋਤ

⊙ ਗਿਆਨੀ -210, ● ਗਿਆਨੀ- 211

## ਨਰਸਿੰਘ ਦਾਸ ਦਾ ਉਧਾਰ

ਇਹਨਾਂ ਸੰਤਾਂ ਵਿਚੋਂ ਹੀ ਨਰਸਿੰਘ ਦਾਸ ਨਾਂ ਦਾ ਸੰਨਿਆਸੀ ਸੀ। ਉਸਨੇ ਸ੍ਰਿਸਟੀ ਦੇ ਪਾਲਣਹਾਰ ਕਰਤਾਰ ਬਾਰੇ ਗੁਰੂ ਸਾਹਿਬ ਕੋਲ ਬਹੁਤ ਸਵਾਲ ਜਵਾਬ ਕੀਤੇ। ਉਹਦੇ ਹੀ ਇਕ ਸਵਾਲ ਤੇ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਵਡਹੰਸ ਵਿਚ ਸ਼ਬਦ ਗਾਇਆ:-

ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥

ਜਦੋਂ ਗੁਰੂ ਸਾਹਿਬ ਨੇ "ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ " ਤੇ ਅਲਾਪ ਲਾਇਆ ਤਾਂ ਨਰਸਿੰਘ ਦਾਸ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ, "ਨਹੀ ਗੁਰੂ ਸਾਹਿਬ ਮੈਂ ਇਨਾਂ ਉੱਚਾ ਇਨਸਾਨ ਨਹੀ ਹਾਂ।" ਗੁਰੂ ਸਾਹਿਬ ਇਸ ਤੇ ਮੁਸਕਰਾਏ ਤੇ ਕਿਹਾ ਕਿ ਤੇਰੇ ਸਵਾਲਾਂ ਕਰਕੇ ਹੋਰ ਪਿਆਰਿਆਂ ਨੂੰ ਵੀ ਸੋਝੀ ਮਿਲੀ ਹੈ।

ਗੁਰੂ ਸਾਹਿਬ ਕਿਉਕਿ ਕੁਝ ਦਿਨ ਅਜੁਧਿਆ ਠਹਿਰੇ ਸਨ ਨਰਸਿੰਘ ਦਾਸ ਨੇ ਇਸ ਦੌਰਾਨ ਗੁਰਮਤ ਦਾ ਸਾਰਾ ਸਿਧਾਂਤ ਸਮਝ ਲਿਆ ਤੇ ਇਸ ਇਲਾਕੇ ਦੇ ਉੱਚ ਕੋਟੀ ਦੇ ਸਿੱਖਾਂ ਵਿਚੋਂ ਹੋਇਆ ਹੈ। ●

----◆-----

ਬਾਬਾ ਅਜੁੱਧਿਆ ਵਿੱਚ

## ਕੀ ਜੋ ਘੋਰ ਤਪੱਸਿਆ ਕਰਦੇ ਨੇ ਉਨਾਂ ਨੂੰ ਵੀ ਨਿਰੰਕਾਰ ਦੀ ਪ੍ਰਾਪਤੀ ਨਹੀ ਹੁੰਦੀ ? ਸਾਧੂਆਂ ਨੇ ਬਾਬੇ ਨੂੰ ਪੁਛਿਆ

ਬਾਬਾ ਜੀ ਸਾਵਣ ਦੇ ਮਹੀਨੇ ਅਯੁਧਿਆ ਪਹੁੰਚੇ, ਜਦੋ ਇਥੇ ਮੁੱਖ ਤਿਉਹਾਰ ਸਾਵਣ ਝੂਲਾ ਖੇਡਿਆ ਜਾਂਦਾ ਹੈ। ** ਹਾਲਾਂ ਰਾਮਨੌਮੀ ਵੀ ਬਰਾਬਰ ਦਾ ਹੀ ਵੱਡਾ ਤਿਉਹਾਰ ਹੈ ਪਰ ਰਾਮਨੌਮੀ ਕਿਉਕਿ ਚੇਤ੍ਰ ਦੇ ਮਹੀਨੇ ਆਉਦੀ ਹੈ, ਸਾਨੂੰ ਨਹੀ ਲਗਦਾ ਕਿ ਗੁਰੂ ਸਾਹਿਬ ਬਨਾਰਸ ਦੀ ਸ਼ਿਵਰਾਤਰੀ ਵਿਚ ਹਿੱਸਾ ਲੈਣ ਤੋਂ ਤੁਰੰਤ ਬਾਦ ਇਥੇ ਆਏ ਹੋਣ।

ਸੋ ਸਾਵਣ (ਜੁਲਾਈ /ਅਗਸਤ 1509) ਨੂੰ ਗੁਰੂ ਸਾਹਿਬ ਅਜੁਧਿਆ ਵਿਚ ਸਨ।

ਸੋ ਬਾਬਾ ਪਹੁੰਚ ਗਇਆ ਅਜੁੱਧਿਆ ਨਗਰੀ ਜਿੱਥੇ ਕਿਹਾ ਜਾਂਦਾ ਭਗਵਾਨ ਰਾਮ ਦਾ ਜਨਮ ਹੋਇਆ ਸੀ। ਓਥੇ ਕੀ ਦੇਖਦਾ ਵਾ? ਥਾਂ ਥਾਂ ਤੇ ਸਾਧਾਂ ਦੇ ਆਸ਼ਰਮ, ਵੱਖ ਵੱਖ ਵੰਨਗੀਆਂ ਦੇ। ਸਾਧਾਂ ਸੰਤਾਂ

ਵਿੱਚ ਬਾਬੇ ਦੀ ਮਸ਼ਹੂਰੀ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਯਾਦ ਰਹੇ ਓਨਾਂ ਜਮਾਨਿਆਂ ਵਿੱਚ ਸਮਾਜ ਵਿੱਚ ਵੱਡੀ ਗਿਣਤੀ ਸਾਧਾਂ ਸੰਤਾਂ ਦੀ ਹੋਇਆ ਕਰਦੀ ਸੀ। ਇਹ ਅਮੂਮਨ ਚਕ੍ਰਵਰਤੀ ਹੀ ਰਹਿੰਦੇ ਸਨ, ਭਾਵ ਤੁਰੇ ਹੀ ਰਹਿੰਦੇ। ਕਦੀ ਕਿਸੇ ਤੀਰਥ ਤੇ, ਅਤੇ ਕਦੀ ਦੂਸਰੇ ਤਿਉਹਾਰ ਮੇਲੇ ਜਾਂ ਕੁੰਭ ਵਿੱਚ। ਅਕਸਰ ਦੇਸ ਪ੍ਰਦੇਸ ਦੀਆਂ ਖਬਰਾਂ ਵੀ ਚਕ੍ਰਵਰਤੀ ਸਾਧਾਂ ਰਾਂਹੀ ਜਨਤਾ ਤੱਕ ਪਹੁੰਚਦੀਆਂ ਸਨ।



ਸੋ ਹਰ ਰੱਬ ਦਾ ਪਿਆਰਾ ਉਸ ਇਲਾਹੀ ਨੂਰ ਦੇ ਦਰਸ਼ਨ ਦੀ ਤਾਂਘ 'ਚ ਸੀ। ਅਜੁੱਧਿਆ ਦੇ ਬ੍ਰਹਮ ਕੁੰਡ ਆਸ਼ਰਮ ਦੇ ਬਾਹਰ ਰਸਤੇ 'ਚ ਬਾਬਾ ਜੀ ਨੇ ਡੇਰਾ ਲਾ ਲਿਆ। ਉਂਜ ਕਈ ਸਾਧ ਗੁੱਸੇ ਵਿੱਚ ਵੀ ਸਨ ਕਿਉਂਕਿ ਗੁਰੂ ਸਾਹਿਬ ਨੇ ਆਪਣੇ ਪਹਿਲੇ ਵਿਖਿਆਨਾਂ ਵਿੱਚ ਇਹ ਜ਼ਾਹਰ ਕਰ ਦਿੱਤਾ ਸੀ ਕਿ ਨਿਰੰਕਾਰ ਦੀ ਪ੍ਰਾਪਤੀ ਦੇ ਮਾਰਗ ਤੇ ਆਪਣੇ ਸਰੀਰ ਨੂੰ ਤਸੀਹੇ ਦੇਣਾ ਜਾਇਜ ਨਹੀ। ਕਿ ਰੱਬ ਇਸ ਗਲ ਤੇ ਨਹੀ ਰੀਝਦਾ।

ਇਹ ਸਾਧੂ 7 ਸਾਲਾਂ ਤੋਂ ਖਲੋਤਾ ਹੀ ਪਿਆ ਹੈ। ਸੌਂਦਾ ਵੀ ਖਲੋ ਕੇ। (ਹੇਠਾਂ) ਇਸ ਨੇ ਨਿਰਾ ਦੁਆਲੇ ਹੀ ਅੱਗ ਨਹੀ ਬਾਲੀ ਸਿਰ ਤੇ ਵੀ ਅੱਗ ਹੈ। ਗੁਰੂ ਸਾਹਿਬ ਨੇ ਕਿਹਾ ਇਹ ਤਪੱਸਿਆ ਵਿਅੱਰਥ ਹੈ। ਨਿਰੰਕਾਰ ਏਨਾਂ ਗੱਲਾਂ ਤੇ ਨਹੀ ਪਸੀਚਜਦਾ।



ਕੁਝ ਚਿਰ ਅਰਾਮ ਕਰਨ ਉਪਰੰਤ ਗੁਰੂ ਸਾਹਿਬ ਤੇ ਮਰਦਾਨੇ ਨੇ ਕੀਰਤਨ ਸ਼ੁਰੂ ਕਰ ਦਿੱਤਾ। ਸਾਧੂ ਸੰਤ ਜੁੜਨੇ ਸ਼ੁਰੂ ਹੋ ਗਏ। ਹੌਲੀ ਹੌਲੀ ਗਲ ਸਾਰੀ ਅਜੁੱਧਿਆ ਵਿੱਚ ਪਹੁੰਚ ਗਈ ਕਿ ਲਹੌਰ ਵਾਲਾ ਬਾਬਾ ਨਾਨਕ ਨਿਰੰਕਾਰੀ ਆਇਆ ਹੈ। ਅਗਲੇ ਦਿਨ ਸਾਧੂਆਂ ਦਾ ਇੱਕ ਵੱਡਾ ਟੋਲਾ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਹੁੰਚ ਗਿਆ।

ਭਰੀ ਸਭਾ ਵਿੱਚ ਮਹੰਤ ਨੇ ਇਹ ਸਵਾਲ ਕਰ ਦਿੱਤਾ ਕਿ "ਨਾਨਕ ਤੂੰ ਕਿਵੇ ਕਹਿੰਦਾ ਹੈ ਕਿ ਤਪੱਸਿਆ ਦਾ ਮਾਰਗ ਜਾਇਜ ਨਹੀ ਹੈ। ਸਾਡੇ ਤਾਂ ਇਥੇ ਕਈ ਸਾਧ ਨੇ ਜਿੰਨਾਂ ਨੇ ਜੀਵਨ ਭਰ ਘੋਰ ਤਪੱਸਿਆ ਕੀਤੀ ਹੈ। "

ਇਥੇ ਇਹ ਦਸਣਾ ਜਰੂਰੀ ਹੋ ਜਾਂਦਾ ਹੈ ਕਿ ਅਕਸਰ ਹੀ ਹਿੰਦੂ ਸਾਧੂ ਕੋਈ ਨਾਂ ਕੋਈ ਪ੍ਰਤਿਗਿਆ ਕਰ ਲੈਂਦੇ ਹਨ  ਕਿ ਮੈ ਤਾਂ ਸਾਰੀ ਉਮਰ ਜਾਂ 12 ਸਾਲ

- ਨੰਗੇ ਰਹਿਣਾ, ਨੰਗੇ ਪੈਰੀਂ ਚਲਣਾ,
- ਸਾਰੀ ਉਮਰ ਖਲੋਤਾ ਹੀ ਰਹਾਂਗਾ (ਖੜੇਸ਼ਰੀ ਬਾਬੇ)
- ਜਾਂ ਇਕੋ ਲੱਤ ਤੇ ਖਲੋਤਾ ਰਹਾਂਗਾ,
- ਮੈਂ ਆਪਣੀ ਇੱਕ ਬਾਂਹ ਹਮੇਸ਼ਾਂ ਉਪਰ ਨੂੰ ਕਰਕੇ ਰੱਖਾਂਗਾ
- ਧੂਣੀ ਦੁਆਲੇ ਹੀ ਰਹਾਂਗਾ
- ਰੁੱਖ ਉਤੇ ਹੀ ਚੜਿਆ ਰਹਾਂਗਾ
- ਅਖੰਡ ਸਮਾਧੀ ਲਾਈ ਰੱਖਾਂਗਾ
- ਫਲਾਹਾਰੀ - ਸਿਰਫ ਫਲਾਂ ਦੇ ਆਸਰੇ ਜੀਣਾ
- ਦੁੱਧਾਧਾਰੀ - ਸਿਰਫ ਦੁੱਧ ਹੀ ਪੀਣਾਂ
- ਖਾਣਾ ਛੱਡ ਦੇਣਾ - ਪਵਣ ਅਹਾਰੀ
- ਲੰਮੇ ਪੈ ਕੇ ਚਲਣਾ
- ਮੱਧ ਪ੍ਰਦੇਸ ਦੇ ਓਕਾਰੇਸ਼ਵਰ ਮੰਦਰ ਲਾਗੇ ਸ਼ਰਧਾਲੂ ਉੱਚੀ ਪਹਾੜੀ ਤੋਂ ਜਾਨ ਦੇ ਦਿਆ ਕਰਦੇ ਸਨ। ਇਸ ਬਾਰੇ ਇੱਕ ਅੰਗਰੇਜ ਲਿਖਾਰੀ 19ਵੀ ਸਦੀ ਅੱਖੀ ਵੇਖੀ ਘਟਨਾ ਲਿਖੀ ਹੋਈ ਹੈ।

ਕਹਿਣ ਤੋਂ ਮਤਲਬ ਸਾਧੂ ਵੱਖ ਵੱਖ ਕਿਸਮਾਂ ਦੇ ਤਸੀਹੇ ਆਪਣੇ ਸਰੀਰ ਨੂੰ ਦਿਆ ਕਰਦੇ ਹਨ। ਇਸ ਨੂੰ ਹੱਠ ਜੋਗ ਜਾਂ ਹੱਠ ਤਪੱਸਿਆ ਕਹਿੰਦੇ ਹਨ। ਲੋਕ ਇਥੇ ਜਿੱਦ ਹੀ ਕਰ ਬਹਿੰਦੇ ਹਨ ਕਿ ਅਸੀ ਤਾਂ ਰੱਬ ਨੂੰ ਪਾਉਣਾ ਹੀ ਪਾਉਣਾ ਹੈ।

ਗੁਰੂ ਸਾਹਿਬ ਨੇ ਬੜੇ ਪ੍ਰੇਮ ਅਤੇ ਠਰੰਮੇ ਨਾਲ ਸਾਧੂਆਂ ਨੂੰ ਸਮਝਾਇਆ ਕਿ ਪਹਿਲੀ ਗਲ ਮੈਂ ਨਿਰੰਕਾਰ ਦਾ ਪੁਜਾਰੀ ਹਾਂ ਜੋ ਘਟ ਘਟ ਵਿੱਚ ਬਿਰਾਜਮਾਨ ਹੈ। ਅਗੇ ਫਿਰ ਓਨਾਂ ਸਮਝਾਇਆ ਕਿ ਜਿੱਦ ਕਰਨਾਂ ਨਿਰੰਕਾਰ ਦੀ ਰਜਾ ਦਾ ਖੰਡਣ ਹੈ। (ਅੰਗਰੇਜੀ ਵਿੱਚ ਇਹਨੂੰ ਬਲੈਕਮੇਲ ਕਹਿੰਦੇ ਹਨ। ਅਕਸਰ ਬੱਚੇ ਵੀ ਮਾਪਿਆਂ ਨਾਲ ਜਿੱਦ ਕਰਦੇ ਹਨ।) ਭਗਤ ਨੇ ਮਾਲਕ ਦੀ ਖੁਸ਼ੀ ਲੈਣੀ ਹੁੰਦੀ ਹੈ। ਉਹ ਨਿਰੰਕਾਰ ਸਾਡੇ ਤੇ ਤਰਸ ਕਰੇ। ਦਿਆ ਕਰੇ।

ਜਨਮਸਾਖੀ ਅਨੁਸਾਰ ਇਥੇ ਹੀ ਹੇਠਲਾ ਸਬਦ ਰਚਿਆ:

ਭੈਰਉ ਮਹਲਾ ੧ ॥ ਜਗਨ ਹੋਮ ਪੁੰਨ ਤਪ ਪੂਜਾ ਦੇਹ



ਇਸ ਸਾਧੂ ਨੇ ਪ੍ਰਣ ਕੀਤਾ ਕਿ 12 ਸਾਲ ਬਾਂਹ ਉਤਾਂਹ ਹੀ ਕਰ ਰਖਣੀ ਹੈ। ਕੁਝ ਸਾਲਾਂ ਬਾਦ ਹੀ ਫਿਰ ਬਾਂਹ ਸੁੱਕ ਗਈ। ਹੁਣ ਤਾਂ ਥੱਲੇ ਆਉਦੀ ਹੀ ਨਹੀ। ਗੁਰੂ ਸਾਹਿਬ ਨੇ ਕਿਹਾ ਸਰੀਰ ਨੂੰ ਕੋਹਣਾ ਗਲਤ ਹੈ।



ਲਓ ਕਰ ਲਓ ਗਲ। ਇਹਨੇ ਤਾਂ ਸਿਰ ਹੀ ਜਮੀਨ ਵਿਚ ਵਾੜ ਦਿੱਤਾ। “ਬਾਬਾ ਇਹਨਾਂ ਵਿੱਧੀਆਂ ਕਰਕੇ ਮੇਲ ਨਹੀ ਹੋਣਾ। ਇਹ ਤੇਰੇ ਕਰਮ ਕਾਂਡ, ਯੋਗ ਆਸਣ, ਸਰੀਰ ਕੋਹਣਾ ਵਿਅੱਰਥ ਹੈ।

ਦੁੱਖੀ ਨਿਤ ਦੂਖ ਸਹੈ ॥ ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥੧॥ ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥ ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥ ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥ ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥੨॥ ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥ ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥ ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥ ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ ॥੪॥ ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ ॥ ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ ॥੫॥੭॥੯॥

ਇਥੇ ਗੁਰੂ ਸਾਹਿਬ ਨੇ ਅਜਿਹੀ ਜਿੱਦ ਦਾ ਖੰਡਨ ਕੀਤਾ ਤੇ ਉਪਦੇਸ਼ ਦਿੱਤਾ ਕਿ ਨਿਰੰਕਾਰ ਦੀ ਪ੍ਰਾਪਤੀ ਉਹਦੇ ਰਹਿਮ ਜਾਂ ਦਿਆ ਨਾਲ ਹੀ ਸੰਭਵ ਹੈ। "ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥ ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥" ਸਿੱਖ ਧਰਮ ਵਿੱਚ ਤਾਂ ਹੀ ਅਰਦਾਸ ਦੀ ਬਹੁਤ ਅਹਿਮੀਅਤ ਹੈ। ਮੂਲ ਮੰਤਰ ਦੇ ਅੰਤ ਵਿੱਚ ਗੁਰਪ੍ਰਸਾਦਿ ਦਾ ਸਿਧਾਂਤ ਦਿੱਤਾ ਹੈ ਕਿ ਅਸੀ ਲੱਖ ਚਾਹੀਏ ਜਿੰਨਾਂ ਚਿਰ ਉਹਦੀ ਕਿਰਪਾ ਦ੍ਰਿਸ਼ਟੀ ਨਹੀ ਹੁੰਦੀ ਅਸੀ ਉਹਦੀ ਪ੍ਰਾਪਤੀ ਨਹੀ ਕਰ ਸਕਦੇ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਇਹ ਜੋਰਾ ਜਬਰੀ ਦਾ ਰਸਤਾ ਨਹੀ ਹੈ।

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥

ਉਹਦੇ ਭਾਣੇ ਵਿੱਚ ਚਲਣਾ। ਰੱਬ ਕੋਲੋ ਦਇਆ ਦੀ ਭਿਖਿਆ ਮੰਗਣਾ। ਕਿਸੇ ਪਹੁੰਚੇ ਹੋਏ ਮਹਾਂਪੁਰਖ ਨੂੰ ਵੇਖ ਕਦੀ ਲੋਕ ਰੀਸ ਕਰਨ ਬਹਿ ਜਾਂਦੇ ਨੇ ਜੋ ਵਿਅੱਰਥ ਹੈ।

"ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥”

ਸਾਹਿਬ ਨੇ ਉਪਦੇਸ਼ ਦਿੱਤਾ ਭਈ ਹਿਰਦੇ ਵਿੱਚ ਸੰਤੋਖ ਹੋਏ, ਅਕਲ ਨਾਲ ਮਨ ਨੂੰ ਬੁਰਾਈਆ ਵਲ ਦੌੜਨ ਤੋਂ ਵਰਜਣਾ, ਮਨ ਵਿੱਚ ਰੱਬ ਦਾ ਡਰ, ਉਹਦੇ ਪੈਦਾ ਕੀਤੇ ਹੋਏ ਜੀਆਂ ਪ੍ਰਤੀ ਭਾਉ ਹੋਵੇ ਭਾਵ ਪਿਆਰ ਤੇ ਦਇਆ ਹੋਵੇ, ਨਿਰੰਕਾਰ ਦੀ ਸਿਫਤ ਸਲਾਹ ਦਾ ਸ਼ਬਦ ਹਮੇਸ਼ਾਂ ਬੁਲਾਂ ਤੇ ਹੋਏ ਤੇ ਸਭ ਤੋਂ ਜਰੂਰੀ ਸ਼ਰਤ ਕਿ ਨਿਰੰਕਾਰ ਦੀ ਨਜਰ ਸਵੱਲੀ ਹੋਵੇ ਤਾਂ ਸ਼ਰਧਾਲੂ ਨਿਹਾਲ ਹੋ ਜਾਵੇਗਾ।

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥

ਗੁਰੂ ਸਾਹਿਬ ਨੇ ਸਮਝਾਇਆ ਕਿ ਮੰਨ ਦੀਆਂ ਤਰੰਗਾਂ ਜਾਂ ਵਾਸ਼ਨਾਵਾਂ ਨੂੰ ਤੁਸੀ ਕੰਧ ਜਾਂ ਦੀਵਾਰ ਬਣਾ ਕੇ ਨਹੀ ਰੋਕ ਸਕਦੇ। ਸਗੋਂ ਅਜਿਹਾ ਕਰਨ ਨਾਲ ਮੰਨ ਜਿਆਦਾ ਉਸ ਬੁਰਾਈ ਵਲ ਦੌੜਦਾ ਹੈ। ਕਈ ਸਾਧੂਆਂ ਨੇ ਲਿੰਗ ਦੁਆਲੇ ਲੋਹੇ ਦੀਆਂ ਪੱਕੀਆਂ ਫੱਟੀਆ ਲਵਾ ਲਈਆਂ ਹਨ, ਇਹ ਵਿਅੱਰਥ ਹੈ। ਜਰੂਰਤ ਹੈ ਕਾਮ ਦੀ ਮੁਢਲੀ ਸਚਾਈ ਸਮਝਣ ਦੀ। ਕਰਤੇ ਦੇ ਹੁਕਮ ਨੂੰ ਸਮਝਣ ਦੀ। ਕਿ ਕਾਮ ਵਾਸ਼ਨਾਵਾਂ ਕਰਤਾਰ ਨੇ ਇਸ ਕਰਕੇ ਪੈਦਾ ਕੀਤੀ ਹੈ ਕਿ ਜਿਣਸ ਚਲਦੀ ਰਹੇ ਮੁੱਕ ਨਾਂ ਜਾਏ। ਜੇ ਬੱਚਾ ਪੈਦਾ ਨਹੀ ਹੋਵੇਗਾ ਤਾਂ ਇਨਸਾਨ ਜਾਤ ਖਤਮ ਹੋ ਜਾਏਗੀ। ਏਸੇ ਤਰਾਂ ਬਾਕੀ ਵਾਸ਼ਨਾਵਾਂ ਪਿੱਛੇ ਕਰਤਾਰ ਦਾ ਹੁਕਮ ਕੰਮ ਕਰ ਰਿਹਾ ਹੈ। ਜੇ ਬੱਚੇ ਨਾਲ ਮੋਹ ਹੋਵੇਗਾ ਤਾਂ ਹੀ ਤਾਂ ਮਾਂ ਬਾਪ ਬੱਚੇ ਦੀ ਪ੍ਰਵ੍ਰਿਸ਼ ਕਰਨਗੇ। ਨਹੀ ਤਾਂ ਬੱਚੇ ਨੂੰ ਕੌਣ ਪਾਲੇਗਾ? ਆਦਿ ਆਦਿ।



ਵੇਖੋ ਇਨਾਂ ਸਾਧੂਆਂ ਦੇ ਕਿਸੇ ਦੇ ਵੀ ਚਿਹਰੇ ਤੇ ਖੇੜਾ ਨਹੀ ਹੈ। ਨਹੀ ਭਾਈਓ! ਨੰਗਿਆਂ ਰਹਿ ਕੇ ਸਰੀਰ ਕੋਹ ਕੇ ਇਹ ਗਲ ਨਹੀ ਬਣਨੀ। ਇਹ ਖੇਡ ਤਾਂ ਪ੍ਰੇਮ ਦੀ ਹੈ। ਰਜਾ ਵਿਚ ਰਹਿ ਕੇ, ਉਹਦੀ ਉਸਤਤ ਕਰਨਾਂ ਹੀ ਨਿਰੰਕਾਰ ਨੂੰ ਭਾਉਂਦਾ ਹੈ।

ਗੁਰੂ ਸਾਹਿਬ ਦੇ ਬਚਨ ਸੁਣ ਕੇ ਸੰਨਿਆਸੀ ਲੋਕ ਆ ਚਰਨੀ



ਸਿੱਖ ਗੁਰਮਤ ਅਨੁਸਾਰ ਸਮਾਧੀਆਂ ਲਾਉਣ ਨਾਲ ਵੀ ਸੁਰਤ ਨਹੀ ਬੱਝ ਸਕਦੀ। ਸਿੱਖੀ ਵਿਚ ਸ਼ਬਦ ਦੀ ਅਹਿਮੀਅਤ ਹੈ। ਸ਼ਬਦ ਵੀ ਫਿਰ ਬੋਲਣਾ ਜਾ ਗਾਉਣਾ ਹੈ। ਆਹ ਵੇਖੋ ਸਮਾਧੀਆਂ ਲਾ ਲਾ ਕੇ ਪੈਰ ਹੀ ਪੁੱਠੇ ਹੋ ਗਏ ਨੇ।

ਲੱਗੇ। ਕਹਿਣ ਲੱਗੇ ਐ ਨਾਨਕ ਤੂੰ ਸਚਮੁੱਚ ਨਿਰੰਕਾਰ ਦੇ ਨੇੜੇ ਹੈਂ।◉

ਸਰੀਰ ਨੂੰ ਕੋਹ ਕੇ ਨਿਰੰਕਾਰ ਦੀ ਪ੍ਰਾਪਤੀ ਦੇ ਸਿਧਾਂਤ ਦਾ ਖੰਡਣ ਕਰਦਿਆ ਗੁਰੂ ਸਾਹਿਬ ਨੇ ਹੋਰ ਵੀ ਕਈ ਥਾਂਈ ਉਪਦੇਸ਼ ਦਿਤੇ। ਕੁਝ ਇਕ ਹੋਰ ਸਬੰਧਤ ਸ਼ਬਦ ਵੀ ਨੋਟ ਕੀਤੇ ਜਾਣ:-

ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥੫॥ ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥ (ਸਗਗਸ-੪੧੯)

ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥ (ਸਗਗਸ-੮੧੮)

ਨਾਮਿ ਰਤੇ ਸਿਧ ਗੋਸਟਿ ਹੋਇ ॥ ਨਾਮਿ ਰਤੇ ਸਦਾ ਤਪੁ ਹੋਇ ॥ (ਸਗਗਸ- ੯੩੮ ਸਿਧ ਗੋਸਟਿ)

ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ॥ ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ ॥ (ਸਗਗਸ-੧੦੨੪)

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥ ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥੧॥ (ਸਗਗਸ-੧੧੨੭)

ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥ ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥ (ਸਗਗਸ-੧੩੩੨)

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ॥੧੮॥ ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥ ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟੁ ਹੋਇ ॥ (ਸਗਗਸ-੧੩੮੪)

----◈-----



ਫੁਟ ਨੋਟ ◉ ਸੋਢੀ ਮਿਹਰਬਾਨ ਅਨੁਸਾਰ । ਸਫਾ 444- ਜੋਗਾ ਤੇ ਗੁਰਮਤ,628 ਕਰਮ ਯੋਗਾ

■ ਪ੍ਰੋਫੈਸਰ ਸਾਹਿਬ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਅਯੁਧਿਆ ਵਿਖੇ ਕਤਕ ਦੀ ਮੱਸਿਆ ਵਾਲੇ ਦਿਨ ਮੌਜੂਦ ਸਨ ਕਿਉਕਿ ਓਦੋਂ ਇਥੇ ਤੁਲਸੀ ਦੀ ਪੂਜਾ ਕੀਤੀ ਜਾਂਦੀ ਹੈ ਤੇ ਇਹ ਇਸ ਸ਼ਹਿਰ ਦਾ ਮੁਖ ਤਿਓਹਾਰ ਹੈ। ਇਹ ਦਾਵਾ ਅਸੀ ਗਲਤ ਸਮਝਦੇ ਹਾਂ ਕਿਉਕਿ ਤੁਲਸੀ ਪੂਜਾ ਅਯੁਧਿਆ ਦਾ ਮੁਖ ਤਿਓਹਾਰ ਨਹੀ ਹੈ। ਨਾਲੇ ਇਥੇ ਜੋ ਸਬਦ ਰਚਿਆ ਹੈ ਉਸ ਵਿਚ ਵੀ ਸਾਵਣ ਤੇ ਬਰਸਾਤਾਂ ਦਾ ਜਿਕਰ ਆਉਦਾ ਹੈ।

## ਅਜੁਧਿਆ – ਸਾਧੂ ਸੰਤਾਂ ਨੇ ਪੁੱਛਿਆ ਬਾਬਾ ਜੀ ਨਾਮ ਕੀ ਹੁੰਦਾ ਹੈ?◉

ਅਗਲੇ ਦਿਨ ਸ਼ਹਿਰ ਵਿੱਚ ਬਿਰਾਜਮਾਨ ਸਭ ਸੰਤ ਇਕੱਠੇ ਹੋ ਕੇ ਪੰਜ ਤੀਰਥੀ ਮੱਠ ਆ ਗਏ। ਇੱਕ ਸੇਵਕ ਨੂੰ ਭੇਜਿਆ ਕਿ ਜਾਓ ਗੁਰੂ ਨਾਨਕ ਨੂੰ ਕਹੋ ਕਿ ਗੋਬਿੰਦ (ਸਾਧੂ) ਲੋਕ ਤੁਹਾਡੇ ਦਰਸ਼ਨਾਂ ਦੀ ਤਾਂਘ ਰੱਖਦੇ ਹਨ। ਸੇਵਕ ਨੂੰ ਸੁਚੇਤ ਕਰਕੇ ਭੇਜਿਆ ਸੀ ਕਿ ਜੇ ਗੁਰੂ ਨਾਨਕ ਦੀ ਲਿਵ ਲੱਗੀ ਹੋਵੇ ਤਾਂ ਉਸ ਵਿੱਚ ਵਿਘਨ ਨਹੀ ਪਾਉਣਾ। ਓਥੇ ਉਡੀਕਣਾਂ ਜਦੋਂ ਉਹ ਖੁਸ਼ੀ ਦੇ ਆਲਮ ਵਿੱਚ ਹੋਣ ਤਾਂ ਸੁਨੇਹਾ ਦੇਣਾ।

ਕੁਦਰਤੀ ਗੁਰੂ ਸਾਹਿਬ ਕੁਝ ਸ਼ਰਧਾਲੂਆਂ ਨਾਲ ਬਚਨ ਬਿਲਾਸ ਕਰ ਰਹੇ ਸਨ। ਤਾਂ ਸੇਵਕ ਨੇ ਸਾਧੂ ਮੰਡਲੀ ਦਾ ਸੁਨੇਹਾ ਦਿੱਤਾ।

ਗੁਰੂ ਸਾਹਿਬ ਨੇ ਸੁਨੇਹਾ ਸੁਣ ਕੇ ਵੱਡਾ ਚਾਅ ਕੀਤਾ, "ਮੇਰੇ ਧੰਨ ਭਾਗ ਜੁ ਮੈਂ ਮਹਾਂ ਪੁਰਖਾਂ ਦੇ ਦਰਸ਼ਨ ਕਰਾਂ।"

ਸੇਵਾਦਾਰ ਨੇ ਜਾ ਕੇ ਸੁਨੇਹਾ ਦਿੱਤਾ ਤਾਂ ਸਭ ਰਿਸ਼ੀ ਮੁਨੀ ਸਾਧੂ ਸੰਤ ਗੁਰੂ ਸਾਹਿਬ ਦੇ ਡੇਰੇ ਆ ਹਾਜਰ ਹੋਏ। ਗੁਰੂ ਸਾਹਿਬ ਨੇ ਸੰਤ ਮੰਡਲੀ ਨੂੰ ਡੰਡਾਉਤ (ਲੰਮੇ ਪੈ ਕੇ) ਬੰਦਨਾਂ ਕੀਤੀ। ਇੱਕ ਦੂਜੇ ਦਾ ਕੁਸ਼ਲ ਮੰਗਲ (ਹਾਲ ਚਾਲ) ਪੁੱਛਣ ਉਪਰੰਤ ਸਾਧੂ ਮੰਡਲੀ ਨੇ ਗੁਰੂ ਸਾਹਿਬ ਅੱਗੇ ਪ੍ਰਸ਼ਨ ਕੀਤਾ ਕਿ ਬਾਬਾ ਜੀ ਸਾਨੂੰ ਵੀ ਦੱਸੋ ਜਿਹੜਾ ਤੁਸੀ 'ਨਾਮ ਮਾਰਗ' ਦੀ ਗਲ ਕਰ ਰਹੇ। ਇਹ ਕੀ ਅਲੌਕਿਕ ਤਰੀਕਾ ਹੈ ਭਗਵਾਨ ਨੂੰ ਪਾਉਣ ਦਾ।

ਗੁਰੂ ਸਾਹਿਬ ਨੇ ਸਮਝਾਇਆ ਕਿ ਸਾਡਾ ਤਰੀਕਾ ਐਨ ਕੁਦਰਤੀ ਹੈ। ਭਾਈ ਜਦੋਂ ਕਿਸੇ ਕੋਲੋ ਕੋਈ ਚੀਜ ਲੈਣੀ ਹੋਵੇ ਤਾਂ ਅਸੀ ਉਸ ਅੱਗੇ ਬੇਨਤੀ ਕਰਦੇ ਹਾਂ। ਅਗਲੇ ਨੂੰ ਵਡਿਆਉਂਦੇ ਹਾਂ। ਆਪਣੀ ਕਮਜੋਰੀ, ਆਪਣੀ ਊਣਤਾਈ ਅਗਲੇ ਅੱਗੇ ਰੱਖਦੇ ਹਾਂ ਤਾਂ ਹੀ ਤਾਂ ਤਰਸ ਕਰਕੇ ਉਹ ਸਾਡੀ ਮੰਗ ਪੂਰੀ ਕਰੇਗਾ। ਇਹੋ ਕੁਦਰਤੀ ਤਰੀਕਾ ਹੈ ਕੁਝ ਪਾਉਣ ਦਾ। ਬਸ ਏਸੇ ਦਾ ਨਾਂ ਅਸੀ 'ਨਾਮ' ਆਖਦੇ ਹਾਂ। ਨਾਮ ਦਾ ਮਤਲਬ ਸਿਫਤ, ਜਸ, ਵਡਿਆਈ, ਉਸਤਤ, ਕੀਰਤੀ, ਅਗਲੇ ਦੇ ਗੁਣ ਗਾਉਣਾ।

ਮਃ ੧ ॥ ਕੈਹਾ ਕੰਚਨੁ ਤੁਟੈ ਸਾਰੁ ॥ ਅਗਨੀ ਗੰਢੁ ਪਾਏ ਲੋਹਾਰੁ ॥ ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀ ਗੰਢੁ ਪਵੈ ਸੰਸਾਰਿ ॥ ਰਾਜਾ ਮੰਗੈ ਦਿਤੈ ਗੰਢੁ ਪਾਇ ॥ ਭੁਖਿਆ ਗੰਢੁ ਪਵੈ ਜਾ ਖਾਇ ॥ ਕਾਲਾ ਗੰਢੁ ਨਦੀਆ ਮੀਹ ਝੋਲ ॥ ਗੰਢੁ ਪਰੀਤੀ ਮਿਠੇ ਬੋਲ ॥ ਬੇਦਾ ਗੰਢੁ ਬੋਲੇ ਸਚੁ ਕੋਇ ॥ ਮੁਇਆ ਗੰਢੁ ਨੇਕੀ ਸਤੁ ਹੋਇ ॥ ਏਤੁ ਗੰਢਿ ਵਰਤੈ ਸੰਸਾਰੁ ॥ ਮੂਰਖ ਗੰਢੁ ਪਵੈ ਮੁਹਿ ਮਾਰ ॥ ਨਾਨਕੁ ਆਖੈ ਏਹੁ ਬੀਚਾਰੁ ॥ ਸਿਫਤੀ ਗੰਢੁ ਪਵੈ ਦਰਬਾਰਿ ॥੨॥

ਸੋ ਜੇ ਨਿਰੰਕਾਰ ਨਾਲ ਮੇਲ ਕਰਨਾਂ, ਆਪਣੀ ਗੰਢਣੀ ਹੈ ਤਾਂ ਉਹਦੀਆਂ ਸਿਫਤਾਂ ਕਰਨੀਆ ਹੋਣਗੀਆਂ।

ਮੰਨ ਲਓ ਮੈਂ ਭੁੱਖਾਂ ਹਾਂ ਪਰ ਜੇ ਕਿਤੇ ਸੜ੍ਹਕ ਕਿਨਾਰੇ ਸਮਾਧੀ ਲਾ ਕੇ ਬਹਿ ਜਾਵਾਂ ਤਾਂ ਲੋਕੀ ਕੀ ਸਮਝਣਗੇ ਕਿ ਮੈਨੂੰ ਕੀ ਚਾਹੀਦਾ ਹੈ। ਮੰਗ ਕਰਨ ਲਈ ਸਾਨੂੰ ਭਾਸ਼ਾ ਦੀ ਜਰੂਰਤ ਪੈਂਦੀ ਹੈ। ਸਾਨੂੰ ਕੁਝ ਸ਼ਬਦ ਬੋਲਣੇ ਪੈਣਗੇ। ਜੇ ਨਿਰੰਕਾਰ ਦੇ ਦਰਬਾਰ ਦੇ ਦਰਸ਼ਨ ਚਾਹੀਦੇ ਨੇ ਤਾਂ ਸਾਨੂੰ ਉਹਦੀ ਵਡਿਆਈ ਦੇ ਸਬਦ ਬੋਲਣੇ ਪੈਣਗੇ। ਮੰਗਣਾ ਪਵੇਗਾ। ਬਸ ਇਹੋ ਨਾਮ ਹੈ।

ਗੁਰੂ ਸਾਹਿਬ ਨੇ ਸਾਧੂ ਮੰਡਲੀ ਨੂੰ ਕੁਝ ਅਜਿਹੇ ਤਰੀਕੇ ਨਾਲ ਸਿਫਤ ਸਾਲਾਹ ਮਾਰਗ ਬਾਰੇ ਚਾਨਣਾ ਪਾਇਆ ਕਿ ਗੋਬਿੰਦ ਲੋਕ ਕੀਲੇ ਗਏ। ਹਰ ਇੱਕ ਦੇ ਮੂੰਹੋ ਇਹੋ ਲਫਜ ਨਿਕਲ ਰਿਹਾ 'ਧੰਨ ਹੈ ਤੂ ਬਾਬਾ ਨਾਨਕ'। ਅੰਤ ਵੇਲੇ ਫਿਰ ਸਾਰੇ ਸਾਧੂ ਸੰਤਾਂ ਨੇ ਗੁਰੂ ਸਾਹਿਬ ਅੱਗੇ ਡੰਡਾਉਤ ਨਮਸਕਾਰ ਕੀਤੀ।

ਜਨਮ ਸਾਖੀ ਮਿਹਰਬਾਨ ਅਨੁਸਾਰ ਹੇਠਲਾ ਸ਼ਬਦ ਇਥੇ ਹੀ ਉਚਾਰਿਆ ਗੁਰੂ ਸਾਹਿਬ ਨੇ:

ਸਿਰੀਰਾਗੁ ਮਹਲਾ ੧ ॥ ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥ ਕਰਤਾ ਸਭੁ ਕੋ ਤੇਰੈ ਜੋਰਿ ॥ ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥ ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥ ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥ ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥ ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥ ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥

----◈-----

## ਗੋਰਖਪੁਰ ਦੇ ਸਾਧਾਂ ਨੇ ਪੁੱਛਿਆ

**"ਬਾਵਾ ਤੁਮ ਕੌਨ ਹੋ- ਫਕੀਰ, ਸਨਿਆਸੀ, ਜਾਂ ਬੈਰਾਗੀ, ਉਦਾਸੀ?"•**

ਗੁਰੂ ਸਾਹਿਬ ਦੀ ਚਰਚਾ ਤਾਂ ਚੁਫੇਰੇ ਛਿੜ ਚੁੱਕੀ ਹੋਈ ਸੀ। ਗੋਰਖਪੁਰ ਦੇ ਜੋਗੀ ਵੀ ਗੁਰੂ ਸਾਹਿਬ ਦੀ ਉਡੀਕ ਵਿਚ ਸਨ ਕਿ ਜਦੋਂ ਉਹ ਆਏਗਾ ਤਾਂ ਉਨ੍ਹੰ ਟਿਕਾਣੇ ਤੋਂ ਫੜ੍ਹ ਕੇ ਜੋਗ ਦੀ ਮਰਿਆਦਾ ਵਿਚ ਲਿਆਵਾਂਗੇ। ਜਿਵੇ ਗੁਰੂ ਸਾਹਿਬ ਨੇ ਗੋਰਖਪੁਰ ਪਹੁੰਚ ਐਨ ਸੜਕ ਕਿਨਾਰੇ ਆਸਣ ਜਮਾਇਆ ਤਾਂ ਇਲਾਕੇ ਦੇ ਸੰਨਿਆਸੀਆਂ ਨੂੰ ਝੱਟ ਕੰਨੋ ਕੰਨੀ ਖਬਰ ਪਹੁੰਚ ਗਈ ਕਿ "ਉਹ ਲਹੌਰ ਵਾਲਾ ਬਾਬਾ ਯਹਾਂ ਭੀ ਪਹੁੰਚ ਗਿਆ ਹੈ। "

ਫਿਰ ਕੀ ਹੋਇਆ ਕਿ ਇਲਾਕੇ ਦੇ ਪ੍ਰਸਿੱਧ ਜੋਗੀ ਸਨਿਆਸੀ ਅਤੇ ਪੰਡਤਾਂ ਨੇ ਇਕੱਠੇ ਹੋ ਕੇ ਗੁਰੂ ਸਾਹਿਬ ਨਾਲ ਵਾਰਤਾਲਾਪ ਸ਼ੁਰੂ ਕੀਤਾ। ਉਹਨਾਂ ਦਾ ਮੁੱਖ ਸਵਾਲ ਸੀ ਕਿ ਬਾਬਾ ਜੀ ਤੁਸੀ ਕੌਣ ਹੋ? ਕੀ ਬਿਨਾਂ ਕਿਸੇ ਸੰਪਰਦਾ ਦੀ ਮਰਿਆਦਾ ਵਿਚ ਆਏ ਵੀ ਕੋਈ ਬੰਦਾ ਭਗਵਾਨ ਤਕ ਪਹੁੰਚ ਸਕਦਾ ਹੈ?

ਗੁਰੂ ਸਾਹਿਬ ਨੇ ਇਥੇ ਵੀ ਬੜੇ ਪ੍ਰੇਮ ਪੂਰਬਕ ਆਪਣਾ ਸਿਧਾਂਤ ਸਮਝਾਇਆ। ਸਾਧਾਂ ਨੂੰ ਦੱਸਿਆ ਕਿ ਰੱਬ ਨੂੰ ਪਾਉਣ ਲਈ ਜਰੂਰੀ ਨਹੀ ਕਿ ਤੁਸੀ ਮੂੰਹ ਸਿਰ ਮੁਨਾ ਕੇ, ਘਰ ਗ੍ਰਿਸਤ ਤਿਆਗ, ਜੰਗਲ ਬੇਲਿਆਂ ਵਿਚ ਨਿਵਾਸ ਕਰੋ। ਸਾਹਿਬ ਨੇ ਸਮਝਾਇਆ ਕਿ ਗ੍ਰਿਸਤੀ ਬੰਦਾ ਵੀ ਅਕਾਲ ਪੁਰਖ ਤਕ ਪਹੁੰਚ ਸਕਦਾ ਹੈ।



ਗੁਰਦੁਆਰਾ ਬ੍ਰਹਮਕੁੰਡ। ਅਜੁਧਿਆ ਵਿਖੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਗੁਰਦੁਆਰਾ ਮੌਜੂਦ ਹੈ। ਉਪਰੰਤ ਇਸ ਅਸਥਾਨ ਤੇ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਵੀ ਬਿਰਾਜੇ। ਗੁਰਦੁਆਰਾ ਉਂਜ ਦਸਮ ਪਾਤਸ਼ਾਹ ਦੇ ਨਾਂ ਤੇ ਹੈ। 1899 ਈ. ਤੋਂ ਪਹਿਲਾਂ ਸਿਰਫ ਤਿੰਨ ਮੰਜੀ ਸਾਹਿਬ ਭਾਵ ਯਾਦਗਾਰੀ ਥੜੇ ਹੁੰਦੇ ਸਨ ਜੋ ਕਿ ਸੰਤ ਗੁਲਾਬ ਸਿੰਘ (ਕਸ਼ਮੀਰੀ ਸਿੰਘ) ਨੇ ਫਿਰ ਇੱਕ ਛੋਟਾ ਜਿਹਾ ਗੁਰਦੁਆਰਾ ਬਣਾਇਆ।



ਗੁਰਦੁਆਰਾ ਨਜਰਬਾਗ ਅਯੁਧਿਆ। ਸਾਈਕਲ ਯਾਤਰੀ-138, ਅਨੁਸਾਰ ਗੁਰੂ ਨਾਨਕ ਸਾਹਿਬ ਜਿਸ ਥਾਂ ਠਹਿਰੇ ਸਨ ਉਥੇ ਜੋ ਗੁਰਦੁਆਰਾ ਹੈ ਉਹ ਨਜਰਬਾਗ ਦੇ ਨਾਮ ਨਾਲ ਮਸ਼ਹੂਰ ਹੈ। ਇਥੇ ਗੁਰਦੁਆਰਾ ਸਾਹਿਬ ਦੇ ਨਾਂ ਤੇ ਚੋਖੀ ਜਮੀਨ ਸੀ ਜੋ ਮਹੰਤ ਆਤਮਾ ਸਿੰਘ ਨੇ 1920 ਦੇ ਆਸ ਪਾਸ ਵੇਚ ਦਿੱਤੀ। ਇੱਥੇ ਫਿਰ ਠਠਿਆਰਾਂ ਦੀ ਬਸਤੀ ਬਣੀ। ਬੰਗਾਲ ਨੂੰ ਜਾਂਦੇ ਵਕਤ ਇਥੇ ਗੁਰੂ ਸਾਹਿਬ ਠਹਿਰੇ ਸਨ। ਜਦੋਂ ਕਿ ਨੌਵੇ ਅਤੇ ਦਸਮੇ ਪਾਤਸ਼ਾਹ ਪੰਜਾਬ ਨੂੰ ਪਰਤਦੇ ਵਕਤ ਠਹਿਰੇ ਸਨ।

ਇਸ ਮੌਕੇ ਫਿਰ ਗੁਰੂ ਸਾਹਿਬ ਨੇ ਸ਼ਬਦ ਉਚਾਰਨ ਕੀਤਾ:-

ਸਲੋਕ ਮਃ ੧ ॥ ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥ ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥ ਨਾ ਸਤਿ ਰੁਖੀ ਬਿਰਖੀ ਆਪੁ ਤਛਾਵਹਿ ਦੁਖ ਸਹਹਿ ॥ ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥ ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥ ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥ ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ ॥ ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥ ਮਃ ੧ ॥ ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੨॥ ਮਃ ੧ ॥ ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥ ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ ॥ ਬੋਲੈ ਗੋਰਖੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੩॥ ਮਃ ੧ ॥ ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥ ਬੋਲੈ ਗੋਪੀ ਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੪॥ ਮਃ ੧ ॥ ਸੋ ਪਾਖੰਡੀ ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥ ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੫॥ ਮਃ ੧ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ ॥ ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥ ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੬॥ ਮਃ ੧ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥ ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥੭॥ ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥

ਇਥੋਂ ਗੋਰਖਪੁਰ ਤੋਂ ਗੁਰੂ ਸਾਹਿਬ ਅੱਗੇ ਘੱਘਰ ਨਦੀ ਰਸਤੇ ਬੁਧ ਗਇਆ ਨੂੰ ਰਵਾਨਾ ਹੋਏ ਬਰਾਸਤਾ ਪਟਨਾ। ਗਇਆ ਦਾ ਪਿਤਰੀਪਕਸ਼ ਮੇਲਾ ਸਤੰਬਰ ਮਹੀਨੇ ਲਗਦਾ ਹੈ।

—▲—

ਪੈਰ ਸਫਾ

• ਨਾਮ ਦਾ ਮਜਮੂਨ ਵਿਸਥਾਰ ਵਿਚ ਵੇਖੋ ਸਫਾ 310 • ਗਿਆਨੀ- 213